ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ॥

ਸਪਤਾਹਿਕ

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੁਆਰਾ ਬਿਕ੍ਰਮੀ 1977 (1920 ਈ:) ਤੋਂ ਸਥਾਪਿਤ

# ਸਤਿਜੁਗ

ਕਲਿਜੁਗ ਮੇਂ ਸਤਿਜੁਗ ਵਰਤਾਊਂ।। ਤਬੀ ਬਾਰਵਾਂ ਬਪੁ ਕਹਾਊਂ।।

www.sribhainisahib.com ਜਿਲਦ-24 ਨੰਬਰ-29

21 ਤੋਂ 27 ਅੱਸੂ 2073 - 6 to 12 October 2016 ਵੀਰਵਾਰ, ਸੰਮਤ ਸ੍ਰੀ ਸਤਿਗੁਰੂ ਰਾਮ ਸਿੰਘ ਜੀ 201

## ਸਤਿਗੁਰੂ ਸਦਾ ਹੀ ਹੈ



ਸਤਿਗੁਰੂ ਸਦਾ ਹੀ ਹੈ, ਉਹ ਕੋਈ ਵੇਲਾ ਨਹੀਂ ਜਿੱਥੇ ਉਹ ਨਾ ਹੋਵੇਗਾ । ਜਿਹੜੇ ਉਹਦੇ ਚਰਨਾਂ ਨੂੰ ਲਗਦੇ ਹਨ, ਜਿਹੜੇ ਉਹਦੇ ਚਰਨਾਂ ਨੂੰ ਧਿਆਉਂਦੇ ਹਨ, ਸਤਿਗੁਰੂ ਉਹਨਾਂ ਦੀਆਂ ਕਾਮਨਾਵਾਂ ਪੂਰੀਆਂ ਕਰਦੇ ਹਨ ।

## ਸ੍ਰੀ ਸਤਿਗੁਰੂ ਜੀ ਦੀ ਪਾਵਨ ਹਜ਼ੂਰੀ ਵਿਚ ਅੰਮ੍ਰਿਤਸਰ ਸਾਹਿਬ ਦੇ ਸ਼ਹੀਦਾਂ ਨਮਿਤ ਮੇਲਾ




**ਸ਼ਹੀਦਾਂ ਵਾਲੇ ਯਾਦਗਾਰੀ ਬੋਹੜ ਅਗੇ ਸ਼ਹੀਦਾਂ ਨੂੰ ਸ਼ਰਧਾਂਜਲੀ ਦੇਂਦੇ ਸ੍ਰੀ ਸਤਿਗੁਰੂ ਜੀ ਅਤੇ ਸਾਧ-ਸੰਗਤ ।**

✪ ਆਸਾ ਦੀ ਵਾਰ ਦਾ ਮਨੋਹਰ ਕੀਰਤਨ ✪ ਸ੍ਰੀ ਸਤਿਗੁਰੂ ਜੀ ਦੇ ਪਾਵਨ ਪਵਿੱਤਰ ਦਰਸ਼ਨ

✪ ਰਾਜਨੀਤਕ, ਸਮਾਜਿਕ ਤੇ ਧਾਰਮਿਕ ਸਖਸ਼ੀਅਤਾਂ ਵਲੋਂ ਸ਼ਰਧਾਂਜਲੀਆਂ ✪ ਹੱਲੇ ਦੇ ਦਿਵਾਨ ✪ ਨਾਮ ਸਿਮਰਨ

**ਅੰਮ੍ਰਿਤਸਰ ਸਾਹਿਬ-** 15 ਸਤੰਬਰ 2016 ਨੂੰ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਮਹਾਨ ਨਾਮਧਾਰੀ ਸ਼ਹੀਦ ਸੰਤ ਹਾਕਮ ਸਿੰਘ, ਸੰਤ ਬੀਹਲਾ ਸਿੰਘ, ਸੰਤ ਫਤਹਿ ਸਿੰਘ ਤੇ ਸੰਤ ਲਹਿਣਾ ਸਿੰਘ ਨਮਿਤ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੀ ਪਾਵਨ ਹਜ਼ੂਰੀ ਵਿਚ ਸਲਾਨਾ ਸ਼ਹੀਦੀ ਮੇਲਾ ਮਨਾਇਆ ਗਿਆ। ਉਨੀਵੀਂ ਸੱਦੀ ਦੇ ਦੂਸਰੇ ਅੱਧ ਦੌਰਾਨ ਕੇਵਲ ਤੇ ਕੇਵਲ ਨਾਮਧਾਰੀ ਹੀ ਸਨ ਜੋ ਸੰਗਠਿਤ ਰੂਪ ਵਿਚ ਆਜ਼ਾਦੀ ਲਈ ਸੰਘਰਸ਼ ਕਰ ਰਹੇ ਸਨ। ਸਤਿਗੁਰੂ ਰਾਮ ਸਿੰਘ ਜੀ ਨੇ ਲੋਕਾਂ ਨੂੰ ਵਿਦੇਸ਼ੀ ਸਾਮਰਾਜ ਵਿਰੁੱਧ ਨਾ-ਮਿਲਵਰਤਨ ਦਾ ਸੱਦਾ ਦਿੱਤਾ।

ਦੇਸ਼ ਅਤੇ ਧਰਮ ਦੀ ਰੱਖਿਆ ਲਈ ਅਤੇ ਪਵਿੱਤਰਤਾ ਕਾਇਮ ਰੱਖਣ ਲਈ 15 ਸਤੰਬਰ 1871 ਈ. ਨੂੰ ਸ਼ਹੀਦ ਹੋਣ ਵਾਲੇ ਚਾਰੇ ਨਾਮਧਾਰੀ ਸਿੰਘਾਂ ਦੀ ਸ਼ਹਾਦਤ ਲਾਸਾਨੀ ਸੀ। ਇਹਨਾਂ ਸਿੰਘਾਂ ਨੇ ਆਪਣੇ ਧਰਮਾਂ ਨਾਲ, ਆਪਣੀ ਸ਼ਹਾਦਤ ਨਾਲ ਇਹ ਸਿੱਧ ਕਰ ਦਿੱਤਾ ਸੀ ਕਿ ਪੰਜਾਬ ਵਿੱਚ ਅਜੇ ਸਿੱਖਾਂ ਦੀ ਅਣਖ ਕਾਇਮ ਹੈ। ਉਹ ਵਿਦੇਸ਼ੀ ਨੀਤੀਆਂ ਜੋ ਕਿ ਮਾੜੀਆਂ ਸਨ, ਦਾ ਜਾਨਾਂ ਵਾਰ ਕੇ ਵਿਰੋਧ ਕਰਨਗੇ। ਅੰਗਰੇਜ਼ ਆਪਣੇ ਅਧਿਕਾਰ ਹੇਠਲੇ ਇਲਾਕਿਆਂ ਵਿੱਚ ਗਊਬੱਧ ਦੀ ਇਜ਼ਾਜਤ ਦੇ ਕੇ ਇਹ ਦਸ ਦੇਣਾ ਚਾਹੁੰਦੇ ਸਨ ਕਿ ਉਹ ਆਪਣੇ ਰਾਜ ਵਿਚ ਜੋ ਚਾਹੇ ਕਰ ਸਕਦੇ ਹਨ। ਇਹੀ ਹਾਲ ਅੰਗਰੇਜ਼ਾਂ ਨੇ ਪੰਜਾਬ ਵਿਚ ਕੀਤਾ ਸੀ ਜਿਸਦੇ ਵਿਰੋਧ ਵਿਚ ਨਾਮਧਾਰੀ ਸਿੱਖਾਂ ਨੇ ਬੁੱਚੜਖਾਨੇ ਤੇ ਹਮਲਾ ਕੀਤਾ ਸੀ- (ਬਾਕੀ ਸਫ਼ਾ 2 'ਤੇ)

## ਸ੍ਰੀ ਸਤਿਗੁਰੂ ਜੀ ਦਾ ਹੁਕਮ – ਯੂ.ਕੇ. ਵਿੱਚ ਅੰਮ੍ਰਿਤ ਵੇਲੇ ਜਪ ਪ੍ਰਯੋਗ – ਸੰਗਤ ਦੀ ਹਾਜ਼ਰੀ ਵੱਧੀ

ਯੂ. ਕੇ. ਨਾਮਧਾਰੀ ਗੁਰਦੁਆਰਿਆਂ ਵਿਚ ਜਪ ਪ੍ਰਯੋਗ 16 ਸਤੰਬਰ 2016 ਨੂੰ ਸ਼ੁਰੂ ਹੋਇਆ। ਜਪ ਪ੍ਰਯੋਗ ਦੋ ਵਕਤ ਸਵੇਰੇ ਅਤੇ ਸ਼ਾਮ ਹੁੰਦਾ ਸੀ। ਪਰ ਸਵੇਰ ਦੀ ਹਾਜ਼ਰੀ ਕਈ ਥਾਈਂ ਬੜੀ ਘੱਟ ਸੀ। ਜਿਥੇ ਦੱਸ ਤੋਂ ਘੱਟ ਸੀ ਉਹ ਦੱਸਦੇ ਵੀ ਸੰਗਦੇ ਸਨ । ਸ਼ਾਮ ਦੀ ਹਾਜ਼ਰੀ ਠੀਕ ਸੀ।

ਸ੍ਰੀ ਭੈਣੀ ਸਾਹਿਬ ਸਤਿਗੁਰੂ ਉਦੈ ਸਿੰਘ ਜੀ ਦੀ ਆਗਿਆ ਅਨੁਸਾਰ ਹਾਜ਼ਰੀ ਨੋਟ ਕੀਤੀ ਜਾਂਦੀ ਹੈ - ਹਰ ਗੁਰਦੁਆਰੇ ਦੀ। ਆਪ ਜੀ ਨੇ ਹੁਕਮ ਕੀਤਾ ਕਿ ਸ਼ਾਮ ਦੀ ਥਾਂ ਤੇ ਕੇਵਲ ਅੰਮ੍ਰਿਤ ਵੇਲੇ 4 ਤੋਂ 6 ਵਜੇ ਤੱਕ ਜਪ ਪ੍ਰਯੋਗ ਕੀਤਾ ਜਾਵੇ । ਸ੍ਰੀ ਸਤਿਗੁਰੂ ਜੀ ਦਾ ਇਹ ਹੁਕਮ 25 ਸਤੰਬਰ 2016 ਐਤਵਾਰ ਨੂੰ ਸਾਰੀ ਸੰਗਤ ਨੇ ਸੁਣਿਆ। ਕਿਸੇ ਨੂੰ ਪੰਜਾਬੀ ਸਮਝਣ ਵਿਚ ਔਖ ਹੋਵੇ ਉਸਦੇ ਹਲ ਲਈ ਸਤਿਗੁਰੂ ਜੀ ਦਾ ਆਦੇਸ਼ ਅੰਗਰੇਜ਼ੀ ਵਿਚ ਹੀ ਸੀ।

ਇਸਦਾ ਅਸਰ ਇਹ ਹੋਇਆ ਕਿ ਯੂ. ਕੇ. ਦੇ ਲੰਦਨ, ਸਾਊਥਾਲ, ਬਰਮਿੰਘਮ, ਲੈਸਟਰ, ਲੀਡਸ ਆਦਿ ਦੀ ਸੰਗਤ ਨੂੰ ਆਪ ਜੀ ਦਾ ਹੁਕਮ ਸੁਣਾਇਆ ਗਿਆ ਕਿ ਅੱਗੋਂ ਤੋਂ ਕੇਵਲ ਅੰਮ੍ਰਿਤ ਵੇਲੇ ਹੀ ਜਪ ਪ੍ਰਯੋਗ ਹੋਵੇਗਾ। ਸ਼ਨੀਵਾਰ, ਐਤਵਾਰ ਪਹਿਲਾਂ ਵਾਂਗ ਸ਼ਾਮ ਦੇ ਨਾਮ ਸਿਮਰਨ ਅਤੇ ਕਥਾ ਕੀਰਤਨ ਦੇ ਪ੍ਰੋਗਰਾਮ ਚਲਦੇ ਰਹਿ ਸਕਦੇ ਹਨ।

ਸਾਧ ਸੰਗਤ ਨੇ ਸਤਿਗੁਰੂ ਜੀ ਦਾ ਹੁਕਮ ਖਿੜੇ ਮੱਥੇ ਮੰਨਿਆ। ਗੁਰਦੁਆਰਿਆਂ ਵਿਚ ਗਿਣਤੀ ਕਿਤੇ 60 ਤੋਂ ਵੱਧ ਤੇ ਕਿਤੇ 100 ਤੋਂ ਵਧ ਰਹੀ। ਕਿਸੇ ਕਿਸੇ ਥਾਂ ਤੇ 25-30 ਵੀ ਸੀ। ਜੇ ਕਿਤੇ ਕਿਸੇ ਨੂੰ ਕੋਈ ਔਕੜ ਨਜ਼ਰ ਆਈ ਤਾਂ ਉਸਨੇ ਉਚੇਚੀ ਬੇਨਤੀ ਕਰਕੇ ਪ੍ਰਵਾਨਗੀ ਲਈ। ਆਉਣ ਵਾਲੀ ਸੰਗਤ 'ਚ ਇਹਨਾਂ ਉਤਸ਼ਾਹ ਸੀ ਕਿ ਬੀਬੀਆਂ ਆਪਣੇ ਦੋ ਕੁ ਸਾਲ ਦੇ ਬੱਚਿਆਂ ਨੂੰ ਹੀ ਨਹੀਂ ਛੇ ਕੁ ਮਹੀਨਿਆਂ ਦੇ ਬੱਚਿਆਂ ਨੂੰ ਵੀ ਨਾਲ ਲੈ ਕੇ ਜਪ ਪ੍ਰਯੋਗ ਵਿਚ ਬਿਠਾਉਂਦੀਆਂ ਰਹੀਆਂ। ਪਹਿਲਾਂ ਤਾਂ ਸ਼ਾਮ ਨੂੰ ਨਾ ਆਉਣ ਵਾਲਾ ਸਵੇਰੇ ਆਉਣ ਦਾ ਬਹਾਨਾ ਬਣਾ ਸਕਦਾ ਸੀ ਅਤੇ ਸਵੇਰੇ ਨਾ ਆਉਣ ਵਾਲਾ ਸ਼ਾਮ ਦਾ ਬਹਾਨਾ । ਪਰ ਹੁਣ ਸੰਗਤ ਦੀ ਭਰਪੂਰ ਹਾਜ਼ਰੀ ਦੱਸਦੀ ਹੈ ਕਿ ਕੋਈ ਵੀ ਅੰਮ੍ਰਿਤ ਵੇਲੇ ਦੇ ਸਤਿਜੁਗੀ ਵਾਤਾਵਰਣ ਤੋਂ ਵਾਂਝਾ ਨਹੀਂ ਰਹਿਣਾ ਚਾਹੁੰਦਾ। - ਕਿਰਪਾ ਸਤਿਗੁਰੂ ਦੀ ਹੈ।

**-ਪੱਤਰ ਪ੍ਰੇਰਕ**

## ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਨਮਿਤ ਮਹਾਨ ਨਾਮ ਸਿਮਰਨ ਜਪ ਪ੍ਰਯੋਗ

**ਸ੍ਰੀ ਭੈਣੀ ਸਾਹਿਬ-** ਨਾਮ ਦੀ ਮਹਿਮਾ ਦਾ ਗੁਰਬਾਣੀ ਵਿੱਚ ਥਾਂ-ਥਾਂ ਜਿਕਰ ਆਉਂਦਾ ਹੈ । ਨਾਮ ਤੋਂ ਬਿਨ੍ਹਾਂ ਜ਼ਿੰਦਗੀ ਅਧੂਰੀ ਹੈ । ਇੱਕ ਮਨੁੱਖਾ ਦੇਹੀ ਹੀ ਇਸ ਦਾ ਜਾਪ ਕਰਕੇ ਆਪਣਾ ਜਨਮ ਸਫਲਾ ਕਰ ਸਕਦੀ ਹੈ । 84 ਲੱਖ ਜੋਨੀ ਵਿੱਚੋਂ ਮਨੁੱਖੀ ਜਾਮਾ ਨੂੰ ਸਰਦਾਰੀ ਮਿਲੀ ਹੈ । ਇਸ ਵਿੱਚ ਹੀ ਉਹ ਉਤਮ ਕੰਮ ਕਰ ਸਕਦਾ ਹੈ ਗੁਰਬਾਣੀ ਅਨੁਸਾਰ **'ਨਾਮ ਤੁੱਲ ਕਛ ਅਵਰ ਨਾ ਹੋਇ। ਨਾਨਕ ਗੁਰਮੁਖ ਨਾਮ ਪਾਵੈ ਜਨ ਕੋਇ'** ਸੁਖਮਨੀ ਸਾਹਿਬ ਵਿੱਚ ਗੁਰਬਾਣੀ ਦੀਆਂ ਇਹ ਲਾਈਨਾਂ ਅੰਕਿਤ ਹਨ । ਜਿਸ ਤੋਂ ਪਤਾ ਲਗਦਾ ਹੈ ਕਿ ਨਾਮ ਦੇ ਬਰਾਬਰ ਕੋਈ ਨਹੀਂ ਹੈ ਗੁਰਬਾਣੀ ਵਿੱਚ ਉਹਨਾਂ ਲੋਕਾਂ ਬਾਰੇ ਆਖਿਆ ਗਿਆ ਹੈ ਜਿਹੜੇ ਇਸ ਤੋਂ ਵਾਂਝੇ ਹਨ ।

**"ਨਾਮ ਵਿਹੂਣੇ ਆਦਮੀ ਕਲਰ ਕੰਧ ਗਿਰੰਤ"** (ਬਾਕੀ ਸਫ਼ਾ 7 'ਤੇ)

## 'ਸਤਿਜੁਗ' ਦੇ ਪਾਠਕ ਧਿਆਨ ਦੇਣ

'ਸਤਿਜੁਗ' ਸਤਿਗੁਰੂ ਜੀ ਦੀ ਕਿਰਪਾ ਨਾਲ ਅਤੇ ਪਾਠਕਾਂ ਰਾਹੀਂ ਭੇਜੇ ਚੰਦੇ ਜਾਂ ਸਹਾਇਤਾ ਨਾਲ ਚਲਦਾ ਹੈ । ਕਈ ਪਾਠਕਾਂ ਦਾ 2015 - 2016 ਜਾ ਉਸ ਤੋਂ ਪਹਿਲਾਂ ਦਾ ਚੰਦਾ ਵੀ ਦਫਤਰ ਸਤਿਜੁਗ ਵਿੱਚ ਨਹੀਂ ਪਹੁੰਚਿਆ ਸੋ ਐਸੇ ਪਾਠਕ ਵਿਸ਼ੇਸ਼ ਧਿਆਨ ਦੇਣ ਅਤੇ ਆਪਣਾ ਚੰਦਾ ਅੱਸੂ ਦੇ ਮੇਲੇ ਸ੍ਰੀ ਭੈਣੀ ਸਾਹਿਬ ਵਿੱਚ 'ਸਤਿਜੁਗ' ਦੇ ਦਫਤਰ ਜ਼ਰੂਰ ਜਮ੍ਹਾ ਕਰਵਾਉਣ ।

ਚੰਦਾ ਨਾ ਆਉਣ ਦੀ ਸੂਰਤ ਵਿੱਚ ਕਿਸੇ ਵੇਲੇ ਵੀ ਪਾਠਕਾਂ ਦਾ ਪਰਚਾ ਬੰਦ ਕਰਨਾ ਸਾਡੀ ਮਜ਼ਬੂਰੀ ਹੋਵੇਗੀ ਸੋ ਪਾਠਕ ਧਿਆਨ ਦੇਣ ਜੋ ਆਪ ਨੂੰ 'ਸਤਿਜੁਗ' ਨਿਰੰਤਰ ਪਹੁੰਚਦਾ ਰਹੇ ।

## ਸ੍ਰੀ ਭੈਣੀ ਸਾਹਿਬ ਚਲ ਰਹੇ ਜਪ-ਪ੍ਰਯੋਗ ਦੇ ਲਾਈਵ ਟੈਲੀਕਾਸਟ ਦਾ ਵੇਰਵਾ:

### ਇੰਟਰਨੈਟ ਅਤੇ ਕੇਬਲ ਨੇਟਵਰਕ

ਕੇਬਲ ਨੇਟਵਰਕ ਫਾਸਟਵੇਂ : 551 (ਪੰਜਾਬ ਅਤੇ ਹਰਿਆਣਾ)

| | |
|---|---|
| ਪ੍ਰਯੋਗ ਦੀ ਅਰਦਾਸ | : 2:00 ਵਜੇ (ਅੰਮ੍ਰਿਤ ਵੇਲੇ) |
| ਆਸਾ ਦੀ ਵਾਰ | : 4:00 ਤੋਂ 6:20 (ਅੰਮ੍ਰਿਤ ਵੇਲੇ) |
| ਕਥਾ ਕੀਰਤਨ | : 12:00 ਤੋਂ 12:40 (ਦੁਪਹਿਰ) |
| ਹੁਕਮਨਾਮਾ | : 12:40 ਤੋਂ 12:55 (ਦੁਪਹਿਰ) |
| ਕਥਾ (ਸੰਤ ਧਿਆਨ ਸਿੰਘ ਕਾਦਰਾਬਾਦੀ ਰਚਿੱਤ ਗ੍ਰੰਥ) | : 12:55 ਤੋਂ 1:45 (ਦੁਪਹਿਰ) |
| ਨਾਮ ਸਿਮਰਨ - ਉਪਦੇਸ਼ | : 1:45 ਤੋਂ 2:45 (ਦੁਪਹਿਰ) |
| ਕੀਰਤਨ | : 2:45 ਤੋਂ 3:30 (ਦੁਪਹਿਰ) |

### ਦਿਸ਼ਾ ਟੀ. ਵੀ. ਤੇ ਪ੍ਰਸਾਰਣ ਦਾ ਸਮਾਂ

16 ਸਤੰਬਰ ਤੋਂ 15 ਅਕਤੂਬਰ 2016

ਆਸਾ ਦੀ ਵਾਰ - 4:15 ਤੋਂ 5:57 (ਅੰਮ੍ਰਿਤ ਵੇਲੇ)

16 ਅਕਤੂਬਰ 2016 ਨੂੰ 4:15 ਤੋਂ 8:00 ਵਜੇ ਤੱਕ (ਅੰਮ੍ਰਿਤ ਵੇਲੇ)

ਇਹਨਾਂ ਚੈਨਲਾ ਤੇ ਪ੍ਰਸਾਰਿਤ ਕੀਤੇ ਜਾਣਗੇ ਵੇਰਵਾ:-

| | | |
|---|---|---|
| TATA SKY | : | 1058 |
| AIRTEL | : | 689 |
| DISH TV | : | 757 |
| DD DIRECT | : | 64 |
| FASTWAY | : | 416 |
| DEN CABLE NETWORK (DELHI) | : | 869 |

WWW.SRIBHAINISAHIB.COM
WWW.YOUTUBE.COM/SRIBHAINISAHIB/LIVE ਅਤੇ
WWW.DISHATV.COM ਤੇ ਵੀ ਪ੍ਰਸਾਰਿਤ ਹੁੰਦਾ ਹੈ ।



**ਅੰਮ੍ਰਿਤਸਰ ਸ਼ਹੀਦਾਂ ਨਮਿਤ ਮੇਲੇ ਸਮੇਂ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਕਰ ਆਪਣੇ ਧੰਨ ਭਾਗ ਸਮਝਦੀ ਸਾਧ ਸੰਗਤ।**

# ਅੰਮ੍ਰਿਤਸਰ ਸਾਹਿਬ ਦੇ ਸ਼ਹੀਦਾਂ ਨਮਿਤ ਮੇਲਾ...(ਬਾਕੀ ਸਫਾ 1 ਦੀ)

*ਯਹੀ ਦੇਹ ਆਗਿਆ ਤੁਰਕਨ ਮਾਹਿ ਖਪਾਊ*
*ਗਊ ਘਾਤ ਕਾ ਦੋਖ ਜਗ ਸਿਉ ਮਿਟਾਊ।*

ਖਾਲਸਾ ਰਾਜ ਦੇ ਸਮੇਂ ਦੇ ਲੋਕਾਂ ਨੂੰ ਕੁਝ ਸਾਲਾਂ ਅੰਦਰ ਥਾਂ ਥਾਂ ਗਊ ਬੱਧ ਹੁੰਦਾ ਬਹੁਤ ਔਖਾ ਲਗਦਾ ਸੀ। ਗੁਰਬਾਣੀ ਦੀਆਂ ਉਪਰੋਕਤ ਸਤਰਾਂ ਦੇ ਅਨੁਸਾਰ ਉਨ੍ਹਾਂ ਸਿੰਘਾਂ ਦੇ ਕੋਲੋਂ ਇਹ ਜ਼ੁਲਮ ਹੁੰਦਾ ਬਰਦਾਸ਼ਤ ਨਾ ਹੋ ਸਕਿਆ। ਸਤੰਬਰ 15, 1871 ਈ. ਨੂੰ ਬੁੱਚੜਖਾਨੇ ਤੇ ਹਮਲਾ ਕਰਕੇ ਨਿਰਦੋਸ ਗਊਆਂ ਨੂੰ ਆਜ਼ਾਦ ਕਰਵਾਇਆ ਤੇ ਬੁੱਚੜਾਂ ਦਾ ਸਫਾਇਆ ਕੀਤਾ। ਉਹਨਾਂ ਸ਼ਹੀਦਾਂ ਨੇ ਆਪਣੇ ਪ੍ਰਾਣਾਂ ਦੀ ਕੋਈ ਪ੍ਰਵਾਹ ਨਾ ਕੀਤੀ। ਇਹ ਇਤਿਹਾਸਕ ਘਟਨਾ ਨੇ ਅੰਗਰੇਜ਼ਾਂ ਦੀ ਨੀਂਦ ਹਰਾਮ ਕਰ ਦਿੱਤੀ। ਉਨ੍ਹਾਂ ਨੇ ਨਿਰਦੋਸ਼ ਆਦਮੀਆਂ ਨੂੰ ਫੜਕੇ ਉਨ੍ਹਾਂ ਕੋਲੋਂ ਇਕਬਾਲ ਕਰਵਾ ਲਿਆ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦਰਬਾਰ ਵਿਚ ਪੇਸ਼ ਹੋਏ ਸਿੰਘਾਂ ਵਲੋਂ ਸਾਰੀ ਘਟਨਾ ਦੀ ਜਾਣਕਾਰੀ ਦਿੱਤੀ ਤਾਂ ਸਤਿਗੁਰੂ ਰਾਮ ਸਿੰਘ ਜੀ ਨੇ ਹੁਕਮ ਕੀਤਾ, **"ਕਰੇ ਕੋਈ ਭਰੇ ਕੋਈ। - ਬੋਹਲ ਤਿਆਰ ਹੈ, ਲੈ ਕੋਈ ਹੋਰ ਜਾਵੇ। ਜਾਵੋ ਜਾ ਕੇ ਨਿਰਦੋਸ਼ਾਂ ਨੂੰ ਛੁਡਵਾਉ।"** ਉਹਨਾਂ ਦਾ ਹੁਕਮ ਮੰਨ ਆਪ ਜੱਜ ਦੇ ਸਾਮ੍ਹਣੇ ਪੇਸ਼ ਹੋ ਇਕਬਾਲ ਕੀਤਾ, ਸਾਰੇ ਸਬੂਤ ਪੇਸ਼ ਕੀਤੇ। ਜੱਜ ਨ ਇਨ੍ਹਾਂ ਨੂੰ ਫਾਂਸੀ ਦਾ ਹੁਕਮ ਸੁਣਾਇਆ। ਇਸ ਤਰ੍ਹਾਂ ਇਹ ਮਹਾਨ ਸ਼ਹੀਦ ਦੇਸ਼ ਤੇ ਕੌਮ, ਧਰਮ ਦੀ ਖਾਤਰ ਆਪਣੀਆਂ ਜਾਨਾਂ ਨਿਛਾਵਰ ਕਰ ਗਏ। ਉਹਨਾਂ ਦਾ ਨਾਮ ਇਤਿਹਾਸ ਦੇ ਸੁਨਹਿਰੀ ਪੰਨਿਆਂ ਤੇ ਅੰਕਿਤ ਹੈ। ਉਹਨਾਂ ਮਹਾਨ ਸ਼ਹੀਦਾਂ ਦੀ ਯਾਦ ਵਿਚ ਇਹ ਮੇਲਾ ਮਨਾਇਆ ਜਾਂਦਾ ਹੈ।

**ਆਸਾ ਦੀ ਵਾਰ ਦਾ ਕੀਰਤਨ-**

ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਸੂਬਾ ਅਜੀਤ ਸਿੰਘ, ਜਥੇਦਾਰ ਗੁਰਬਚਨ ਸਿੰਘ, ਜਥੇਦਾਰ ਸੁਖਵੰਤ ਸਿੰਘ ਮੁਹਾਵਾ, ਬਲਵਿੰਦਰ ਸਿੰਘ ਚੱਕ ਯਾਕੂਬ ਤੇ ਸਾਥੀ ਸਿੰਘਾਂ ਨੇ ਮਿਲਕੇ ਢੋਲਕੀ ਛੈਣਿਆਂ ਨਾਲ ਗਾਇਨ ਕੀਤਾ।

**ਹੱਲੇ ਦੇ ਦਿਵਾਨ-**

ਵਾਰ ਦੀ ਸਮਾਪਤੀ ਦੇ ਨਾਲ ਸਾਧ ਸੰਗਤ ਨੇ ਗੁਰੂ ਕਾ ਲੰਗਰ ਛਕਿਆ। ਹੱਲੇ ਦੇ ਦਿਵਾਨਾਂ ਦੀ ਆਰੰਭਤਾ ਜਥੇਦਾਰ ਸੁਰਜੀਤ ਸਿੰਘ ਮੁਸਤਫਾਪੁਰ ਨੇ ਕੀਤੀ।

**ਸੂਬਾ ਬਲਵਿੰਦਰ ਸਿੰਘ ਝੱਲ** ਨੇ ਕਿਹਾ ਸਤਿਗੁਰੂ ਰਾਮ ਸਿੰਘ ਜੀ ਨੇ ਦੇਸ਼ ਦੀ ਆਜ਼ਾਦੀ ਲਈ ਨਿਰਸੁਆਰਥ ਹੋ ਕਾਰਜ ਕੀਤੇ ਹਨ। ਸਮੁੱਚਾ ਸਿੱਖ ਜਗਤ ਉਹਨਾਂ ਨੂੰ ਸਿਜਦਾ ਕਰਦਾ ਰਹੇਗਾ। ਸਤਿਗੁਰੂ ਜੀ ਦੀ ਕਿਰਪਾ ਨਾਲ ਜੋ ਨਾਮਧਾਰੀਆਂ ਨੇ ਇਤਿਹਾਸ ਸਿਰਜਿਆ, ਅੱਜ ਅੰਮ੍ਰਿਤਸਰ ਦੀ ਧਰਤੀ ਤੇ ਮੇਲਾ ਮਨਾਇਆ ਜਾ ਰਿਹਾ ਹੈ, ਜੋ ਸ਼ਹਾਦਤਾਂ ਉਹਨਾਂ ਨਾਮਧਾਰੀਆਂ ਨੇ ਦਿੱਤੀਆਂ।

**ਕੈਬਨਿਟ ਮੰਤਰੀ ਸ਼੍ਰੀ ਅਨਿਲ ਜੋਸ਼ੀ** ਨੇ ਕਿਹਾ ਨਾਮਧਾਰੀ ਸ਼ਹੀਦਾਂ ਨੇ ਉਸ ਵੇਲੇ ਆਜ਼ਾਦੀ ਦੀ ਲੜਾਈ ਲੜੀ ਤੇ ਸਥਾਨਕ ਬੁੱਚੜਖਾਨੇ ਨੂੰ ਸਬਕ ਸਿਖਾਉਣ ਲਈ ਸਤਿਗੁਰੂ ਜੀ ਦੀ ਕਿਰਪਾ ਨਾਲ ਬੀੜਾ ਚੁਕਿਆ। ਉਸ ਵੇਲੇ ਦੀ ਸਰਕਾਰ ਨੇ ਨਜ਼ਾਇਜ ਬੰਦਿਆਂ ਤੇ ਕੇਸ ਪਾ ਦਿਤਾ। ਪਰ ਸਤਿਗੁਰੂ ਦੇ ਸਿਖਾਂ ਦਾ ਕਿੱਡਾ ਜਿਗਰ ਸੀ ਉਹ ਆਪ ਜਾ ਕੇ ਪੇਸ਼ ਹੋਏ ਤੇ ਹਥਿਆਰ ਪੇਸ਼ ਕੀਤੇ। ਸਾਡੇ ਉਤੇ ਕੇਸ ਕਰੋ ਇਹ ਕੰਮ ਅਸੀਂ ਕੀਤਾ ਹੈ। ਉਹ ਪ੍ਰੰਪਰਾ ਅੱਜ ਵੀ ਕਾਇਮ ਹੈ। ਇਹ ਕੌਮ ਆਪਸੀ ਪ੍ਰੇਮ ਪਿਆਰ ਦਾ ਸੰਦੇਸ਼ ਦਿੰਦੀ ਹੈ। ਇਹ ਕੌਮ ਪੁਰਾਣੀ ਪ੍ਰੰਪਰਾ ਨਾਲ ਜੁੜੀ ਹੈ। ਆਪਣੇ ਪੁਰਾਣੇ ਸਮੇਂ ਦੀ ਗਲ ਕਰਦਿਆਂ ਕਿਹਾ ਕਿ ਕੜੇ ਨਾਲ ਗਿਲਾਸ ਵਜਾਉਂਦੇ ਸਨ। ਉਹਨਾਂ ਕਿਹਾ ਕਿ ਮੈਂ ਇਨਾਂ ਮਹਾਨ ਸਿੰਘਾਂ ਦੇ ਚਰਨਾਂ 'ਚ ਸੀਸ ਝੁਕਾਉਂਦਾ ਹਾਂ। ਇਹ ਸ਼ਹੀਦੀ ਦੀ ਪ੍ਰੰਪਰਾ ਦੇਸ਼ ਦਾ ਗੌਰਵ ਹੁੰਦਾ ਹੈ। ਆਉਣ ਵਾਲੀ ਪੀੜੀ ਉਸ ਨੂੰ ਫਾਲੋ ਕਰਦੀ ਹੈ। ਸਾਨੂੰ ਇਹੋ ਜਿਹੇ ਸੰਸਕਾਰਾਂ ਦੀ ਜ਼ਰੂਰਤ ਹੈ। ਸਾਡੇ

**(ਬਾਕੀ ਸਫਾ 6 ਤੇ)**

# ਗਊ ਰੱਖਿਆ ਲਈ ਫਾਂਸੀ 'ਤੇ ਝੂਲ ਗਏ ਨਾਮਧਾਰੀ ਸਿੱਖ

**ਸੁਰਿੰਦਰ ਕੋਛੜ, ਅੰਮ੍ਰਿਤਸਰ**

ਅੰਗਰੇਜ਼ਾਂ ਨਾਲ ਹੋਈਆਂ ਸ਼ੁਰੂਆਤੀ ਸੰਧੀਆਂ ਵੇਲੇ ਰਾਜਪੂਤ ਰਾਜਿਆਂ ਅਤੇ ਮਹਾਰਾਜਾ ਰਣਜੀਤ ਸਿੰਘ ਵਲੋਂ ਇਕ ਸ਼ਰਤ ਵਿਸ਼ੇਸ਼ ਤੌਰ 'ਤੇ ਰੱਖੀ ਗਈ ਸੀ ਕਿ ਉਨ੍ਹਾਂ ਦੇ ਰਾਜ ਵਿਚੋਂ ਲੰਘਦਿਆਂ ਬਰਤਾਨਵੀ ਫੌਜ ਗਊ ਘਾਤ ਨਹੀਂ ਕਰੇਗੀ। ਜਿਸ ਕਾਰਨ ਸਿੱਖ ਰਾਜ ਦੀ ਸਮਾਪਤੀ ਤੱਕ ਕਿਸੇ ਮੁਸਲਮਾਨ ਜਾਂ ਇਸਾਈ ਨੇ ਪੰਜਾਬ ਵਿਚ ਗਊ ਘਾਤ ਕਰਨ ਦੀ ਹਿਮਾਕਤ ਨਾ ਕੀਤੀ। ਨਾਬਾਲਿਗ ਦਲੀਪ ਸਿੰਘ ਨੂੰ ਪੰਜਾਬ ਦਾ ਮਹਾਰਾਜਾ ਮੁਕੱਰਰ ਕੀਤੇ ਜਾਣ ਤੋਂ ਬਾਅਦ ਲਾਹੌਰ ਦੇ ਰੈਜ਼ੀਡੈਂਟ ਸਰ ਹੈਨਰੀ ਐਮ. ਲਾਰੈਂਸ ਨੇ 24 ਮਾਰਚ 1847 ਨੂੰ ਲਾਹੌਰ ਤੋਂ ਅੰਮ੍ਰਿਤਸਰ ਪ੍ਰਸ਼ਾਸਨ ਲਈ ਇਕ ਫਰਮਾਨ ਜਾਰੀ ਕੀਤਾ ਕਿ ਅੰਮ੍ਰਿਤਸਰ ਵਿਚ ਨਾ ਤਾਂ ਕੋਈ ਗਊ ਹੱਤਿਆ ਕਰੇਗਾ ਅਤੇ ਨਾ ਹੀ ਕੋਈ ਦਰਬਾਰ ਸਾਹਿਬ ਦੇ ਅੰਦਰ ਜੁੱਤੀਆਂ ਪਾ ਕੇ ਜਾਵੇਗਾ। ਲਾਰੈਂਸ ਵਲੋਂ ਜਾਰੀ ਇਹ ਫਰਮਾਨ ਆਪਣੇ-ਆਪ ਵਿਚ ਕਾਫੀ ਉਲਝਿਆ ਹੋਇਆ ਸਵਾਲ ਸੀ ਕਿਉਂਕਿ ਨਾ ਤਾਂ ਉਨ੍ਹੀਂ ਦਿਨੀਂ ਮੁਸਲਮਾਨ ਹਿੰਦੂ-ਸਿੱਖਾਂ ਦੀਆਂ ਧਾਰਮਿਕ ਭਾਵਨਾਵਾਂ ਦੀ ਕਦਰ ਕਰਦੇ ਹੋਏ ਗਊ ਘਾਤ ਕਰ ਰਹੇ ਸਨ ਅਤੇ ਨਾ ਹੀ ਉਹ ਸ੍ਰੀ ਦਰਬਾਰ ਸਾਹਿਬ ਦੇ ਅੰਦਰ ਜੁੱਤੀਆਂ ਪਾ ਕੇ ਜਾਣ ਦੀ ਹਿਮਾਕਤ ਕਰਨ ਬਾਰੇ ਸੋਚ ਸਕਦੇ ਸਨ। ਫਿਰ ਆਖਿਰ ਇਹ ਫਰਮਾਨ ਕਿਸ ਦੇ ਲਈ ਸੀ ਅਤੇ ਇਸ ਨੂੰ ਕਿਉਂ ਜਾਰੀ ਕੀਤਾ ਗਿਆ? ਅਸਲ ਵਿਚ ਇਸ ਫਰਮਾਨ ਦਾ ਅਰਥ ਸਿਰਫ਼ ਹਿੰਦੂ-ਸਿੱਖਾਂ ਦੀ ਅਣਖ ਨੂੰ ਵੰਗਾਰਨਾ ਅਤੇ ਇਨ੍ਹਾਂ ਦੋਵਾਂ ਕੌਮਾਂ ਨੂੰ ਮੁਸਲਮਾਨਾਂ ਤੋਂ ਵੱਖਰਾ ਕਰਨਾ ਸੀ।

5 ਮਈ 1849 ਨੂੰ ਪੰਜਾਬ ਪ੍ਰਸ਼ਾਸਨਿਕ ਬੋਰਡ ਨੇ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਨੂੰ ਇਕ ਆਦੇਸ਼ ਜਾਰੀ ਕਰਕੇ ਅੰਮ੍ਰਿਤਸਰ ਵਿਚ ਗਊ ਘਾਤ ਕਰਨ ਦੀ ਖੁਲ ਦੇ ਦਿੱਤੀ, ਪਰ ਇਸ ਦੇ ਨਾਲ ਹੀ ਇਹ ਵੀ ਹਿਦਾਇਤ ਜਾਰੀ ਕੀਤੀ ਕਿ ਬੁੱਚੜਖਾਨਾ ਸ਼ਹਿਰ ਦੇ ਬਾਹਰਵਾਰ ਬਣਾਇਆ ਜਾਵੇਗਾ ਅਤੇ ਸ਼ਹਿਰ ਦੀ ਚਾਰ-ਦਿਵਾਰੀ ਦੇ ਅੰਦਰ ਹੋਕਾ ਦੇ ਕੇ ਮਾਸ ਵੇਚਣ ਵਾਲਿਆਂ ਵਿਰੁਧ ਸਖ਼ਤ 'ਤੇ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਉਨ੍ਹੀਂ ਦਿਨੀਂ ਹਿੰਦੁਸਤਾਨ ਦੇ ਕਰੀਬ ਸਾਰੇ ਸ਼ਹਿਰਾਂ ਵਿਚ ਅੰਗਰੇਜ਼ ਸੈਨਾ ਦੀਆਂ ਛਾਉਣੀਆਂ ਦੇ ਪਾਸ ਬੁੱਚੜਖ਼ਾਨੇ, ਸ਼ਰਾਬਖ਼ਾਨੇ ਤੇ ਵੇਸਵਾਵਾਂ ਦੇ ਕੋਠੇ ਖੋਲੇ ਗਏ। ਜਿਸ ਦੇ ਚਲਦਿਆਂ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਐਮ.ਸੀ. ਸਾਂਡਰਸ ਨੇ ਸ਼ਹਿਰ ਦੇ ਹਿੰਦੂ ਚੌਧਰੀ ਰਾਇ ਤਖ਼ਤ ਮੱਲ ਅਤੇ ਹੋਰਨਾਂ ਪੰਚਾਂ ਨੂੰ ਸਰਕਾਰੀ ਸ਼ਰਤਾਂ ਅਧੀਨ ਰਾਜ਼ੀ ਕਰਕੇ ਬੁੱਚੜਖ਼ਾਨਾ ਕਿਲ੍ਹਾ ਗੋਬਿੰਦਗੜ੍ਹ ਦੀ ਫੌਜੀ ਛਾਉਣੀ ਦੇ ਪਾਸ ਲਾਹੌਰੀ ਗੇਟ ਆਬਾਦੀ ਦੇ ਬਾਹਰ (ਜਿੱਥੇ ਕੁਝ ਵਰ੍ਹੇ ਪਹਿਲਾਂ ਤੱਕ ਬੱਕਰ ਮੰਡੀ ਹੁੰਦੀ ਸੀ) ਖੁਲ੍ਹਵਾ ਦਿੱਤਾ। ਕਰੀਬ-ਕਰੀਬ ਸਾਰੇ ਲੇਖਕ ਤੇ ਵਿਦਵਾਨ ਅਜੇ ਤੱਕ ਇਹੋ ਲਿਖਦੇ ਆਏ ਹਨ ਕਿ ਉਨ੍ਹੀਂ ਦਿਨੀਂ ਇਕ ਬੁੱਚੜਖਾਨਾ ਸ੍ਰੀ ਦਰਬਾਰ ਸਾਹਿਬ ਦੀ ਪਰਿਕਰਮਾ ਦੇ ਬਾਹਰਵਾਰ ਦੀਵਾਰ ਦੇ ਬਿਲਕੁਲ ਨਾਲ ਪੁਰਾਣੇ ਘੰਟਾ ਘਰ (ਰੇੱਡ ਟਾਵਰ) ਦੇ ਪਾਸ ਖੁਲ੍ਹਵਾ ਦਿੱਤਾ ਗਿਆ। ਇਹ ਘੰਟਾ ਘਰ ਦਰਬਾਰ ਸਾਹਿਬ ਦੀ ਪਰਿਕਰਮਾ ਵਿਚਲੀ ਬੇਰੀ ਬਾਬਾ

**(ਬਾਕੀ ਸਫਾ 4 ਤੇ)**

# ਪ੍ਰਵਚਨ

# ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ

## ਨਾਮਧਾਰੀ ਸਿੱਖਾਂ ਦਾ ਬਾਣੀ ਅਨੁਸਾਰ ਜੀਵਨ



ਬਾਣੀ ਦੀਆਂ ਤੁਕਾਂ ਤੇ ਸਤਿਗੁਰੂ ਰਾਮ ਸਿੰਘ ਜੀ ਦੇ ਸਿੱਖਾਂ ਨੇ ਅਮਲ ਕੀਤਾ। ਮੈਂ ਨਾਮਧਾਰੀ ਸਿੱਖਾਂ ਅਗੇ ਬੇਨਤੀ ਕਰਾਂਗਾ ਕਿ ਕਿਸੇ ਨਾਲ ਬਹਿਸ ਨਾ ਕਰੋ। ਉਹਨੂੰ ਪਿਆਰ ਨਾਲ ਸਿਰਫ ਐਨਾ ਦੱਸ ਦਿਉ ਕਿ ਅਸੀ ਗੁਰਬਾਣੀ ਅਨੁਸਾਰ ਆਪਣਾ ਜੀਵਨ ਜਿਉਂਦੇ ਹਾਂ ਤੇ ਲੋਕਾਂ ਨੂੰ ਆਖਦੇ ਹਾਂ ਕਿ ਗੁਰਬਾਣੀ ਅਨੁਸਾਰ ਹੀ ਆਪਣਾ ਜੀਵਨ ਬਣਾਓ।

ਸੂਹੀ ਰਾਗ ਵਿਚ ਤੁਕਾਂ ਲਿਖੀਆਂ ਨੇ-

**ਝਖੜ ਝਾਗੀ ਮੀਹੁ ਵਰਸੈ ਭੀ ਗੁਰੁ ਦੇਖਣ ਜਾਈ।।**
**ਸਮੁੰਦੁ ਸਾਗਰ ਹੋਵੈ ਬਹੁ ਖਾਰਾ ਗੁਰਸਿਖ ਲੰਘਿ ਗੁਰ ਪਹਿ ਜਾਈ।।**

ਤੁਸੀਂ ਇਤਿਹਾਸਕਾਰਾਂ ਨੂੰ ਪੁਛੋ, ਆਪ ਪੜਤਾਲ ਕਰੋ, ਕਿਹੜੇ ਗੁਰੂ ਹੋਏ ਨੇ ਜਿਹੜੇ ਸਮੁੰਦਰਾਂ ਤੋਂ ਪਾਰ ਗਏ ਨੇ ਤੇ ਸਿੱਖਾਂ ਨੇ ਜਾ ਕੇ ਉਹਨਾਂ ਦਾ ਦਰਸ਼ਨ ਕੀਤਾ ਹੈ। ਸਤਿਗੁਰੂ ਰਾਮ ਸਿੰਘ ਜੀ ਦੇ ਸਿੱਖਾਂ ਨੇ ਬਾਣੀ ਦੀਆਂ ਇਨਾਂ ਤੁਕਾਂ ਨੂੰ ਸਾਕਾਰ ਕਰਕੇ ਵਿਖਾਇਆ ਹੈ।

❖❖❖

# ਗੁਰ ਉਪਦੇਸ਼

# ਸ੍ਰੀ ਸਤਿਗੁਰੂ ਉਦੈ ਸਿੰਘ ਜੀ

## ਜਦੋਂ ਸਿੱਖ ਰਾਜ ਖਤਮ ਹੋ ਚੁੱਕਾ ਸੀ



ਪਰਮ ਸਤਿਕਾਰਯੋਗ ਸਾਧ ਸੰਗਤ ਜੀ ਅਜ ਜੋ ਅਸੀਂ ਆਜ਼ਾਦੀ ਮਾਣ ਰਹੇ ਹਾਂ ਸਤਿਗੁਰੂ ਜੀ ਕਰਕੇ ਮਾਣ ਰਹੇ ਹਾਂ। ਉਹਨਾਂ ਨੂੰ ਬੜੇ ਪ੍ਰੇਮ ਨਾਲ ਯਾਦ ਕਰੀਏ। ਇਕ ਵਾਰੀ ਸਾਰੇ ਗੱਜ ਕੇ ਆਖੀਏ ਧੰਨ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸੱਚੇ ਪਾਤਸ਼ਾਹ। ਸਤਿਗੁਰੂ ਰਾਮ ਸਿੰਘ ਸੱਚੇ ਪਾਤਸ਼ਾਹ ਜੀ ਦਾ ਉਹ ਟਾਈਮ ਸੀ ਜਦੋਂ ਸਿੱਖ ਰਾਜ ਖਤਮ ਹੋ ਚੁੱਕਾ ਸੀ ਤੇ ਸਿੱਖੀ ਦਾ ਪਤਨ ਹੋ ਚੁੱਕਾ ਸੀ। ਉਸ ਟਾਈਮ ਐਨੀ ਗਿਰਾਵਟ ਆ ਚੁੱਕੀ ਸੀ ਕਿ ਹਰ ਇੱਕ ਸਿੱਖ ਵਾਸਤੇ ਅੰਗਰੇਜ਼ ਦਾ ਲਾਇਲ (ਵਫਾਦਾਰ) ਹੋਣਾ ਜ਼ਰੂਰੀ ਸੀ। ਸ੍ਰੀ ਸਤਿਗੁਰੂ ਜੀ ਨੇ ਇਕ ਜੁਗ ਪਲਟਾ ਦਿੱਤਾ। ਆਪ ਜੀ ਦੇ ਭਾਰਤ ਦੀ ਆਜ਼ਾਦੀ ਲਈ ਚਲਾਏ ਅੰਦੋਲਨ ਨੂੰ ਕੁਚਲਣ ਲਈ ਅੰਗਰੇਜ਼ ਨੇ ਆਪ ਜੀ ਨੂੰ ਨਜ਼ਰਬੰਦ ਕੀਤਾ ਤਾਂ ਸਤਿਗੁਰੂ ਰਾਮ ਸਿੰਘ ਜੀ ਨੇ ਹੁਕਮ ਕੀਤਾ "ਬਿਲਿਆ ਮੈਂ ਘਰ ਘਰ ਰਾਮ ਸਿੰਘ ਕਰ ਦਿਆਂਗ।" ਜਿਥੇ ਇਕ ਸਿੱਖ ਨੂੰ ਵੀ ਭਜਨ ਦਿੱਤਾ ਉਸ ਦਾ ਅਸਰ ਵੀ ਸਤਿਗੁਰੂ ਸੱਚੇ ਪਾਤਸ਼ਾਹ ਵਰਗਾ ਹੋਇਆ। ਉਨ੍ਹਾਂ ਨੇ ਇਹੋ ਜਿਹੇ ਸੰਤ ਪੈਦਾ ਕਰ ਦਿੱਤੇ ਜਿਨ੍ਹਾਂ ਨੂੰ ਉਹਨਾਂ ਨੇ ਆਪਣਾ ਰੂਪ ਬਖਸ਼ ਦਿੱਤਾ। ਉਨ੍ਹਾਂ ਨੇ ਅੰਗਰੇਜ਼ ਸਰਕਾਰ ਦੀਆਂ ਜੜ੍ਹਾਂ ਹਿੱਲਾ ਕੇ ਰੱਖ ਦਿੱਤੀਆਂ। ਉਦੋਂ ਜਿਹੜੇ ਸਿੱਖ ਸੀ ਨਾਮ ਜਪ ਕੇ, ਗੁਰਬਾਣੀ ਪੜ੍ਹ ਕੇ ਉਨ੍ਹਾਂ ਨੇ ਮਨ ਇਨੇ ਉੱਚੇ ਹੋ ਚੁੱਕੇ ਸੀ ਕਿ ਉਹਨਾਂ ਨੂੰ ਤੋਪ ਤੋਂ ਡਰ ਨਹੀਂ ਆਇਆ। ਉਹ ਹਸਦੇ ਹਸਦੇ ਤੋਪਾਂ ਦੇ ਸਾਹਮਣੇ ਗਏ। ਉਨ੍ਹਾਂ ਨੂੰ ਤੋਪਾਂ ਅੱਗੇ ਕਿਸੇ ਨੂੰ ਬੰਨ੍ਹਣ ਦੀ ਲੋੜ ਨਹੀਂ ਪਈ। ਜੇ ਸ਼ਹੀਦ ਵਰਿਆਮ ਸਿੰਘ ਨੂੰ ਆਖਿਆ ਗਿਆ ਬਚਾਉਣ ਵਾਸਤੇ, ਕਿ ਤੇਰਾ ਕੱਦਾ ਛੋਟਾ ਹੈ ਤੇ ਉਹ ਢੀਮਾਂ ਕਠੀਆਂ ਕਰਕੇ ਲੈ ਆਇਆ ਉਹਨਾਂ ਉਤੇ ਖਲੋ ਕੇ ਆਖਿਆ "ਹੁਣ ਤੇ ਨਹੀਂ ਮੇਰਾ ਕੱਦ ਛੋਟਾ। ਬਿਲਿਆ ਮੇਰਾ ਸਾਥ ਜਾਂਦਾ ਹੈ ਛੇਤੀਂ ਕਰ ਆਪਣੀ ਤੋਪ ਚਲਾ।" ਉਹਨਾਂ ਦੇ ਪਰਉਪਕਾਰ ਅਸੀਂ ਗਿਣ ਨਹੀਂ ਸਕਦੇ। ਸਤਿਗੁਰੂ ਰਾਮ ਸਿੰਘ ਸੱਚੇ ਪਾਤਸ਼ਾਹ ਜੀ ਦੀ ਇੰਨੀ ਬਖਸ਼ਿਸ਼ ਹੋਈ ਕਿ ਅੰਗਰੇਜ਼ ਨੇ ਵੀ ਆਖਿਆ ਕਿ ਕੂਕਾ ਅੰਗਰੇਜ਼ ਦਾ ਲਾਇਲ ਕਦੀ ਨਹੀਂ ਹੋ ਸਕਦਾ। ਇਹ ਵੀ ਕਿਹਾ ਕਿ ਕੂਕਾ ਕਦੇ ਝੂਠ ਨਹੀਂ ਬੋਲਦਾ। ਮੈਂ ਅਰਜ਼ ਕਰਾਂਗਾ ਕਿ ਸਾਡੇ ਵਾਸਤੇ ਸਭ ਤੋਂ ਵੱਡਾ ਹੁਕਮ ਸਤਿਗੁਰੂ ਸੱਚੇ ਪਾਤਸ਼ਾਹ ਜੀ ਦੇ ਚਰਨਾਂ ਵਿਚ ਅਰਦਾਸ ਕਰਨੀ, ਬਾਕੀ ਸਾਰਾ ਕੁੱਝ ਇਸ ਤੋਂ ਥੱਲੇ ਹੈ।

# ਗਊ ਰੱਖਿਆ ਲਈ ਫਾਂਸੀ...(ਬਾਕੀ ਸਫਾ 2 ਦੀ)

ਬੁਢੇ ਸਾਹਿਬ ਦੇ ਬਿਲਕੁਲ ਪਿੱਛੇ ਮੌਜੂਦ ਸੀ। ਮੈਂ (ਲੇਖਕ) ਸੰਨ 1870 ਤੋਂ ਲੈ ਕੇ ਸੰਨ 1890 ਤੱਕ ਦੀਆਂ ਘੰਟਾ ਘਰ ਤੇ ਉਸ ਦੇ ਆਸ-ਪਾਸ ਦੀਆਂ ਕੈਮਰੇ ਨਾਲ ਲਈਆਂ ਕਰੀਬ 300 ਤਸਵੀਰਾਂ ਅਤੇ ਸ਼ਹਿਰ ਦੀ ਉਨ੍ਹਾਂ ਦਿਨਾਂ ਦੀ ਆਬੋ-ਹਵਾ ਅਤੇ ਮਾਹੌਲ ਵਿਚ ਫੈਲੀ ਬੇਚੈਨੀ ਨੂੰ ਲੰਬਾ ਸਮਾਂ ਲਾ ਕੇ ਸਮਝਣ ਦੀ ਕੋਸ਼ਿਸ਼ ਕੀਤੀ ਹੈ, ਜਿਸ ਤੋਂ ਬਾਅਦ ਇਹ ਸਾਫ਼ ਹੋ ਜਾਂਦਾ ਹੈ ਕਿ ਦਰਬਾਰ ਸਾਹਿਬ ਦੇ ਬਾਹਰ ਕਦੇ ਕੋਈ ਬੁੱਚੜਖਾਨਾ ਨਹੀਂ ਬਣਾਇਆ ਗਿਆ, ਬਲਕਿ ਘੰਟਾ ਘਰ ਪੁਲਿਸ ਚੌਂਕੀ ਦੇ ਪਾਸ ਕਸਾਈਆਂ ਦੀ ਰਿਹਾਇਸ਼ ਲਈ ਰਹਿਣ ਵਾਲੇ ਕਮਰੇ ਜ਼ਰੂਰ ਬਣਾਏ ਗਏ ਸਨ। ਇਥੇ ਬਾਰੀਕੀ ਨਾਲ ਸਮਝਣ ਵਾਲੀ ਗਲ ਇਹ ਵੀ ਹੈ ਕਿ ਜਦੋਂ ਸੰਨ 1862-63 ਵਿਚ ਸ੍ਰੀ ਦਰਬਾਰ ਸਾਹਿਬ ਦੀ ਪਰਿਕਰਮਾ ਵਿਚ ਲਹਿੰਦੇ ਵੱਲ ਨੂੰ ਮੌਜੂਦ ਬੁੰਗਾ ਸਰਕਾਰ ਬਨਾਮ ਬੁੰਗਾ ਮਹਾਰਾਜਾ ਰਣਜੀਤ ਸਿੰਘ ਨੂੰ ਅੰਮ੍ਰਿਤਸਰ ਮਿਸ਼ਨ ਸਕੂਲ ਦੀ ਕ੍ਰਿਸਚਿਅਨ ਮਿਸ਼ਨਰੀ ਦੀ ਮਲਕੀਅਤ ਘੋਸ਼ਿਤ ਕਰਕੇ ਇਸ ਦੇ ਨਾਲ ਲਗਦੇ ਬੁੰਗਾ ਕੰਵਰ ਨੌਨਿਹਾਲ ਸਿੰਘ ਅਤੇ ਬੁੰਗਾ ਲਾਡੂਵਾਲੀਆ ਨੂੰ ਗਿਰ੍ਹਾ ਕੇ ਉਨ੍ਹਾਂ ਦੀ ਜਗ੍ਹਾ 'ਤੇ ਗਿਰਜਾ-ਘਰ (ਚਬੂਤਰਾ ਘੰਟਾ-ਘਰ) ਦੀ ਦਿੱਖ ਵਾਲੇ ਇਕ ਚਬੂਤਰੇ ਦਾ ਨਿਰਮਾਣ ਸ਼ੁਰੂ ਕੀਤਾ ਗਿਆ ਤਾਂ ਅੰਮ੍ਰਿਤਸਰ ਵਿਚ ਇਸ ਦੇ ਨਿਰਮਾਣ ਨੂੰ ਲੈ ਕੇ ਅੰਗਰੇਜ਼ਾਂ ਨੂੰ ਸ਼ਹਿਰ ਦੇ ਹਿੰਦੂ-ਸਿੱਖਾਂ ਦਾ ਭਾਰੀ ਵਿਰੋਧ ਸਹਿਣਾ ਪਿਆ। ਭਾਵੇ ਕਿ ਅੰਮ੍ਰਿਤਸਰੀਆਂ ਦੇ ਇਸ ਵਿਰੋਧ ਨੂੰ ਅਣਗੋਹਲਿਆਂ ਕਰਕੇ 50,000 ਰੁਪਏ ਦੀ ਲਾਗਤ ਨਾਲ ਅੰਗਰੇਜ਼ ਹਕੂਮਤ ਨੇ ਸੰਨ 1873-74 ਵਿਚ ਘੰਟਾ-ਘਰ ਦਾ ਨਿਰਮਾਣ ਮੁਕੰਮਲ ਕਰਵਾ ਲਿਆ, ਪਰ ਉਹ ਇਸ ਵਿਚ ਗਿਰਜਾ-ਘਰ ਸ਼ੁਰੂ ਕਰਨ ਦੀ ਹਿੰਮਤ ਨਾ ਕਰ ਸਕੇ। ਤਾਂ ਫਿਰ ਭਲਾ ਸ੍ਰੀ ਦਰਬਾਰ ਸਾਹਿਬ ਦੀ ਪਰਿਕਰਮਾ ਦੇ ਬਾਹਰ ਅੰਗਰੇਜ਼ ਹਕੂਮਤ ਕੋਈ ਬੁੱਚੜਖ਼ਾਨਾ ਕਿਵੇਂ ਉਸਾਰ ਸਕਦੀ ਸੀ? ਇਸ ਦੇ ਇਲਾਵਾ ਵੀ ਇਥੇ ਬੁੱਚੜਖ਼ਾਨਾ ਨਾ ਖੋਲ੍ਹਣ ਦੇ ਬਹੁਤ ਸਾਰੇ ਕਾਰਨ ਸਨ, ਜਿਨ੍ਹਾਂ ਸਭ ਦਾ ਇਸ ਲੇਖ ਵਿਚ ਵੇਰਵਾ ਦੇਣਾ ਸੰਭਵ ਨਹੀਂ ਹੈ। ਹਾਂ, ਇਹ ਜ਼ਰੂਰ ਪੂਰੀ ਤਰ੍ਹਾਂ ਸਪਸ਼ਟ ਹੈ ਕਿ ਲਾਹੌਰੀ ਗੇਟ ਦੇ ਪਾਸ ਕੋਈ ਆਬਾਦੀ ਨਾ ਹੋਣ ਕਰਕੇ ਅਤੇ ਗਊ ਘਾਤ ਕਰਨ ਵਾਲੇ ਕਸਾਈ ਮਲੇਰਕੋਟਲਾ, ਸਹਾਰਨਪੁਰ ਆਦਿ ਸ਼ਹਿਰਾਂ ਤੋਂ ਮੰਗਵਾਏ ਗਏ ਹੋਣ ਕਰਕੇ ਉਹਨਾਂ ਦੀ ਰਿਹਾਇਸ਼ ਦਾ ਪ੍ਰਬੰਧ ਪੁਲਿਸ ਚੌਂਕੀ ਘੰਟਾ ਘਰ ਦੇ ਬਿਲਕੁਲ ਪਾਸ ਜ਼ਰੂਰ ਕੀਤਾ ਗਿਆ ਸੀ, ਤਾਂ ਕਿ ਸ਼ਹਿਰ ਦੇ ਹਿੰਦੂ-ਸਿੱਖਾਂ ਤੋਂ ਉਹਨਾਂ ਦੀ ਸੁਰਖਿਆ ਕੀਤੀ ਜਾ ਸਕੇ। ਕਸਾਈਆਂ ਦੇ ਰਹਿਣ ਦਾ ਪ੍ਰਬੰਧ ਉਪਰੋਕਤ ਸਥਾਨ 'ਤੇ ਕੀਤੇ ਜਾਣ ਦੇ ਕਾਰਨ ਹਰ ਪਾਸੇ ਇਹ ਅਫ਼ਵਾਹ ਫੇਲ ਗਈ ਕਿ ਅੰਮ੍ਰਿਤਸਰ ਵਿਚ ਚਾਰ ਹੋਰ ਬੁੱਚੜਖਾਣੇ ਖੋਲੇ ਜਾਣਗੇ, ਜਿਨ੍ਹਾਂ ਵਿਚੋਂ ਇਕ ਦਰਬਾਰ ਸਾਹਿਬ ਦੇ ਬਾਹਰ ਖੋਲਿਆ ਜਾਵੇ ਗਾ। ਗਾਵਾਂ ਨੂੰ ਕਤਲ ਕਰਨ ਤੋਂ ਪਹਿਲਾਂ ਇਸੇ ਕਸਾਈਖਾਨੇ ਵਿਚ ਰੱਖਿਆ ਜਾਂਦਾ ਸੀ ਅਤੇ ਸਵੇਰੇ ਸਾਰਾ ਦਿਨ ਇਹ ਗਾਵਾਂ ਸ੍ਰੀ ਦਰਬਾਰ ਸਾਹਿਬ ਦੀ ਪਰਿਕਰਮਾ, ਘੰਟਾ ਘਰ ਦੇ ਥੜ੍ਹੇ ਅਤੇ ਪਾਸ ਦੇ ਬਾਜ਼ਾਰਾਂ ਵਿਚ ਘੁੰਮਦੀਆਂ ਆਮ ਵੇਖੀਆਂ ਜਾਂਦੀਆਂ ਸਨ।

ਖੈਰ, ਜਦੋਂ ਸ਼ਹਿਰ ਦੇ ਹਿੰਦੂ-ਸਿੱਖਾਂ ਨੇ ਮੁਸਲਮਾਨ ਕਸਾਈਆਂ ਨੂੰ ਗਊ ਘਾਤ ਨਾ ਕਰਨ ਸੰਬੰਧੀ ਸਮਝਾਉਣਾ ਚਾਹਿਆ ਤਾਂ 9 ਮਈ 1871 ਨੂੰ 22 ਹਿੰਦੂ-ਸਿੱਖਾਂ ਵਿਰੁੱਧ ਮੁਸਲਮਾਨਾਂ ਨੂੰ ਡਰਾਉਣ- ਧਮਕਾਉਣ ਦੇ ਦੋਸ਼ ਵਿਚ ਮੁਕੱਦਮਾ ਚਲਾਇਆ ਗਿਆ। ਅੰਮ੍ਰਿਤਸਰ ਦੇ ਹਾਲਾਤ ਤੇਜ਼ੀ ਨਾਲ ਅਸੁਖਾਵੇਂ ਹੁੰਦੇ ਵੇਖ, ਡਵੀਜ਼ਨਲ ਕਮਿਸ਼ਨਰ ਡਬਲਿਊ ਡੀ. ਡੇਵਿਸ ਨੇ 22 ਮਈ 1871 ਨੂੰ ਸ਼ਹਿਰ ਦੇ ਟਾਊਨ ਹਾਲ ਵਿਖੇ ਅੰਮ੍ਰਿਤਸਰ ਮਿਊਂਸੀਪਲਟੀ ਦੀ ਇਕ ਮੀਟਿੰਗ ਬੁਲਾਈ। ਕਮੇਟੀ ਦੇ ਹਿੰਦੂ-ਮੁਸਲਿਮ ਮੈਂਬਰਾਂ ਨੇ ਤਣਾਅ ਘਟਾਉਣ ਲਈ ਇਕ ਮੱਤ ਹੋ ਕੇ ਰਾਇ ਦਿੱਤੀ ਕਿ ਘੱਟੋ-ਘੱਟ ਇਕ ਸਾਲ ਲਈ ਬੁੱਚੜਖ਼ਾਨਾ ਬੰਦ ਕਰ ਦਿੱਤਾ ਜਾਵੇ। ਉਨ੍ਹਾਂ ਦੀ ਇਹ ਰਾਇ ਡੇਵਿਸ ਦੀ ਸੋਚ ਤੋਂ ਬਿਲਕੁਲ ਅਲਗ ਸੀ, ਕਿਉਂਕਿ ਉਸ ਦਾ ਇਰਾਦਾ ਤਾਂ ਇਹਨਾਂ ਦੋਹਾਂ ਕੌਮਾਂ ਨੂੰ ਭੜਕਾਉਣ ਦਾ ਸੀ, ਇਸ ਲਈ ਉਸਨੇ ਮੁਸਲਮਾਨਾਂ ਦੀ ਧਾਰਮਿਕ ਆਜ਼ਾਦੀ ਦਾ ਜ਼ਿਕਰ ਕਰਦਿਆ ਕਿਹਾ ਕਿ ਅੰਗਰੇਜ਼ ਕਿਸੇ ਨੂੰ ਦੂਜੇ ਦੇ ਧਰਮ ਵਿਚ ਦਖ਼ਲ ਅੰਦਾਜ਼ੀ ਨਹੀਂ ਕਰਨ ਦੇਣਗੇ। ਇਸ ਲਈ ਬੁੱਚੜਖ਼ਾਨਾ ਕਾਇਮ ਰੱਖਿਆ ਜਾਵੇ ਗਾ। ਉਸਦੇ ਇਸ ਇਕਤਰਫ਼ਾ ਫੈਸਲੇ ਨਾਲ ਹਿੰਦੂ-ਮੁਸਲਮਾਨ ਬਿਲਕੁਲ ਸਹਿਮਤ ਨਹੀਂ ਸਨ, ਪਰ ਮਜਬੂਰੀ ਵੱਸ ਉਹਨਾਂ ਨੂੰ ਮਤੇ ਦੀ ਹਮਾਇਤ ਕਰਨੀ ਪਈ।

ਉਸ ਤੋਂ ਬਾਅਦ ਸ਼ਹਿਰ ਦੀਆਂ ਗਲੀਆਂ-ਬਾਜ਼ਾਰਾਂ ਵਿਚ ਸਰੇਆਮ ਹੋਕਾ ਦੇ ਕੇ ਰੇਹੜੀਆਂ 'ਤੇ ਗਊ ਦਾ ਮਾਸ ਵਿਕਣਾ ਸ਼ੁਰੂ ਹੋ ਗਿਆ। ਸ਼ਿਕਾਇਤਾਂ ਵੀ ਦਰਜ਼ ਕਰਵਾਈਆਂ ਗਈਆਂ ਪਰ ਕਿਸੇ ਵੀ ਦੋਸ਼ੀ ਨੂੰ ਕੋਈ ਵੱਡੀ ਸਜ਼ਾ ਨਾ ਦਿੱਤੀ ਗਈ। ਦੱਸਿਆ ਜਾਂਦਾ ਹੈ ਕਿ ਉਸੇ ਦੌਰਾਨ ਭਾਈ ਦੇਵਾ ਸਿੰਘ ਨੂੰ ਇਕ ਹੱਡੀ ਸ੍ਰੀ ਦਰਬਾਰ ਸਾਹਿਬ ਦੀ ਪਰਿਕਰਮਾ ਵਿਚ ਪਈ ਮਿਲੀ, ਜੋ ਸ਼ਾਇਦ ਉਡਦਾ ਹੋਇਆ ਕੋਈ ਪੰਛੀ ਸੁੱਟ ਗਿਆ ਹੋਵੇਗਾ। ਜਦੋਂ ਭਾਈ ਜੀ ਨੇ ਇਸ ਸੰਬੰਧੀ ਹਾਅ ਦਾ ਨਾਰ੍ਹਾ ਮਾਰਿਆਂ ਤਾਂ ਲੋਕਾਂ ਨੂੰ ਉਕਸਾਉਣ ਦੇ ਦੋਸ਼ ਵਿਚ ਗ੍ਰਿਫ਼ਤਾਰ ਕਰਕੇ ਉਹਨਾਂ ਨੂੰ ਤਿੰਨ ਸਾਲ ਲਈ ਜੇਲ੍ਹ ਵਿਚ ਭੇਜ ਦਿੱਤਾ ਗਿਆ। ਆਖਿਰ, ਸ੍ਰੀ ਦਰਬਾਰ ਸਾਹਿਬ ਦੀ ਇਸ ਬੇਅਦਬੀ ਨੂੰ ਨਾ ਸਹਾਰਦੇ ਹੋਏ 10 ਨਾਮਧਾਰੀ ਸਿੱਖਾਂ ਨੇ 14 ਜੂਨ 1871 ਦੀ ਰਾਤ ਕਸਾਈਖ਼ਾਨੇ 'ਤੇ ਹਮਲਾ ਬੋਲ ਦਿੱਤਾ ਅਤੇ ਕਤਲ ਕਰਨ ਦੇ ਇਰਾਦੇ ਨਾਲ ਉਥੇ ਬੰਨੀਆਂ ਗਾਵਾਂ ਆਜ਼ਾਦ ਕਰ ਦਿੱਤੀਆਂ। ਆਵਾਜ਼ ਸੁਣਕੇ ਕਸਾਈ ਜਾਗ ਗਏ ਅਤੇ ਉਨ੍ਹਾਂ ਨੇ ਨਾਮਧਾਰੀ ਸਿੱਖਾਂ 'ਤੇ ਹਮਲਾ ਕਰ ਦਿੱਤਾ। ਸਿੱਖ ਜੋਸ਼ ਦੇ ਨਾਲ-ਨਾਲ ਪੂਰੀ ਤਿਆਰੀ ਵਿਚ ਵੀ ਸਨ, ਜਿਸ ਦੇ ਚਲਦਿਆਂ ਚਾਰ ਕਸਾਈ ਪੀਰਾ, ਜਿਊਣਾ, ਸ਼ਾਦੀ ਅਤੇ ਅਮਾਮੀ ਮਾਰੇ ਗਏ ਅਤੇ ਤਿੰਨ ਹੋਰ ਕਰਮਦੀਨ, ਇਲਾਹੀ ਬਖ਼ਸ਼ ਤੇ ਖੀਵਾ ਬੁਰੀ ਤਰ੍ਹਾਂ ਨਾਲ ਜ਼ਖ਼ਮੀ ਹੋ ਗਏ।

ਉਪਰੋਕਤ ਨਾਮਧਾਰੀ ਸਿੱਖ ਇਹ ਸਭ ਕਰਕੇ ਫਰਾਰ ਹੋ ਗਏ ਅਤੇ ਉਨ੍ਹਾਂ ਵਿਚੋਂ ਕੁਝ ਸ੍ਰੀ ਭੈਣੀ ਸਾਹਿਬ ਪਹੁੰਚ ਗਏ। ਏਧਰ ਪੁਲਿਸ ਨੇ ਝੂਠੇ ਗਵਾਹਾਂ ਦੀ ਸਹਾਇਤਾ ਨਾਲ 12 ਨਿਰਦੋਸ਼ ਲੋਕਾਂ ਨੂੰ ਗ੍ਰਿਫ਼ਤਾਰ ਕਰਕੇ ਅਦਾਲਤ ਵਿਚ ਪੇਸ਼ ਕਰ ਦਿੱਤਾ, ਜਿਨ੍ਹਾਂ ਨੂੰ ਫਾਂਸੀ ਦਾ ਹੁਕਮ ਸੁਣਾਇਆ ਗਿਆ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਵਲੋਂ ਇਹ ਪੁੱਛਣ 'ਤੇ ਕਿ ਅਸਲੀ ਕਾਤਲ ਕੌਣ ਹਨ? ਦੋਸ਼ੀਆਂ ਨੇ ਆਪਣਾ ਅਪਰਾਧ ਸਵੀਕਾਰ ਕਰ ਲਿਆ ਅਤੇ ਉਹਨਾਂ ਦਾ ਹੁਕਮ ਮੰਨ ਅੰਮ੍ਰਿਤਸਰ ਡੀ.ਸੀ. ਦੀ ਅਦਾਲਤ ਵਿਚ ਪੇਸ਼ ਹੋ ਗਏ।

ਇਨ੍ਹਾਂ ਦੇ ਅਦਾਲਤ ਵਿਚ ਪੇਸ਼ ਹੋਣ 'ਤੇ ਇਨ੍ਹਾਂ ਨਾਮਧਾਰੀ ਸਿੱਖਾਂ 'ਤੇ ਮੁਕਦਮਾ ਚਲਾਇਆ ਗਿਆ ਅਤੇ ਸੈਸ਼ਨ ਜੱਜ ਵਲੋਂ ਇੰਡੀਅਨ ਪੈਨਲ ਕੋਡ ਦੀ ਧਾਰਾ 302 ਦੇ ਅਧੀਨ ਦੋਸ਼ੀ ਕੂਕਾ ਸਿੱਖਾਂ ਸ੍ਰ. ਬੀਹਲਾ ਸਿੰਘ, ਲਹਿਣਾ ਸਿੰਘ, ਫ਼ਤਹਿ ਸਿੰਘ ਤੇ ਸ੍ਰ. ਹਾਕਮ ਸਿੰਘ ਨੂੰ ਸਜਾਏ ਮੌਤ ਅਤੇ ਸ੍ਰ. ਲਹਿਣਾ ਸਿੰਘ ਲੋਪੋਕੇ ਅਤੇ ਲਾਲ ਸਿੰਘ ਸਿਪਾਹੀ ਨੂੰ ਕਾਲੇ ਪਾਣੀ ਦੀ ਸਜ਼ਾ ਸੁਣਾਈ ਗਈ। ਇਸ ਤੋਂ ਬਾਅਦ ਪੰਜਾਬ ਦੀ ਮੁੱਖ ਅਦਾਲਤ ਦੇ ਜੱਜ ਕੈਂਪਬੈੱਲ ਅਤੇ ਉਸ ਤੋਂ ਬਾਅਦ ਜਸਟਿਸ

(ਬਾਕੀ ਸਫਾ 6 ਤੇ)

# ਤਾਲਕਟੋਰਾ ਸਟੇਡੀਅਮ ਦਿੱਲੀ ਵਿਖੇ ਪੰਜ ਨਾਮਧਾਰੀ ਸ਼ਹੀਦਾਂ ਦੇ ਪਰਿਵਾਰਾਂ ਦਾ ਦਿੱਲੀ ਸਰਕਾਰ ਵਲੋਂ ਸਨਮਾਨ



**ਤਾਲਕਟੋਰਾ ਸਟੇਡੀਅਮ ਨਵੀਂ ਦਿੱਲੀ ਵਿਖੇ 5 ਨਾਮਧਾਰੀ ਸ਼ਹੀਦਾਂ ਦੇ ਪੰਜ ਜੀਆਂ ਨੂੰ ਦਿੱਲੀ ਸਰਕਾਰ ਵਲੋਂ ਸਨਮਾਨਿਤ ਕੀਤਾ ਗਿਆ।**

27 ਸਤੰਬਰ 2016 ਦਿਨ ਮੰਗਲਵਾਰ ਨੂੰ ਸ਼ਹੀਦ ਭਗਤ ਸਿੰਘ ਦੇ 110ਵੇਂ ਜਨਮ ਦਿਨ ਤੇ ਦਿੱਲੀ ਸਰਕਾਰ ਵਲੋਂ ਤਾਲਕਟੋਰਾ ਸਟੇਡੀਅਮ ਵਿਖੇ ਸ਼ਹੀਦ ਉਤਸਵ ਪ੍ਰੋਗਰਾਮ ਕੀਤਾ ਗਿਆ। ਇਸ ਮੌਕੇ ਸਰਕਾਰ ਵਲੋਂ ਸ਼ਹੀਦਾਂ ਦੇ ਪਰਿਵਾਰਾਂ ਦਾ ਸਨਮਾਨ ਕੀਤਾ ਗਿਆ। ਇਸ ਪ੍ਰੋਗਰਾਮ ਵਿਚ ਪੰਜ ਨਾਮਧਾਰੀ ਸ਼ਹੀਦਾਂ ਦੇ ਪਰਿਵਾਰਾਂ ਦੇ 5 ਜਣਿਆਂ ਦਾ ਸਨਮਾਨ ਕੀਤਾ ਗਿਆ। ਇਹ ਪੰਜ ਸਨ-

1. ਸ. ਗੁਰਮੇਲ ਸਿੰਘ ਗਰੇਵਾਲ ਪਿੰਡ ਸਕਰੌਦੀ ਜ਼ਿਲਾ ਸੰਗਰੂਰ ਤੋਂ (ਮਲੇਰਕੋਟਲਾ ਸਾਕੇ ਦੇ ਸ਼ਹੀਦ ਲਹਿਣਾ ਸਿੰਘ ਦੇ ਪਰਵਾਰ ਵਿਚੋਂ)
2. ਜਗਦੀਸ਼ ਸਿੰਘ ਨਹਿਲ ਪਿੰਡ ਗਗੜਪੁਰ ਜ਼ਿਲਾ ਸੰਗਰੂਰ ਤੋਂ (ਮਲੇਰਕੋਟਲਾ ਸਾਕੇ ਦੇ ਸ਼ਹੀਦ ਪ੍ਰੇਮ ਸਿੰਘ ਦੇ ਪਰਿਵਾਰ ਵਿਚੋਂ)
3. ਸ. ਰਣਜੀਤ ਸਿੰਘ ਚਾਨਾ ਸ੍ਰੀ ਭੈਣੀ ਸਾਹਿਬ ਤੋਂ (ਮਲੇਰਕੋਟਲਾ ਸਾਕੇ ਦੇ ਸ਼ਹੀਦ ਬਿਸ਼ਨ ਸਿੰਘ, ਸ਼ਹੀਦ ਸਦਾ ਸਿੰਘ ਤੇ ਸ਼ਹੀਦ ਹਰਨਾਮ ਸਿੰਘ ਰੜ ਵਾਲਿਆਂ ਦੇ ਪਰਿਵਾਰ ਵਿਚੋਂ)
4. ਸ. ਸਤਵਿੰਦਰ ਸਿੰਘ ਪੰਨਵ ਦਿੱਲੀ ਤੋਂ (ਅੰਮ੍ਰਿਤਸਰ ਸਾਕੇ ਦੇ ਸ਼ਹੀਦ ਲਹਿਣਾ ਸਿੰਘ ਦੇ ਪਰਿਵਾਰ ਵਿਚੋਂ)
5. ਸ. ਕਾਬਲ ਸਿੰਘ ਸ੍ਰੀ ਭੈਣੀ ਸਾਹਿਬ ਤੋਂ (ਅੰਮ੍ਰਿਤਸਰ ਸਾਕੇ ਦੇ ਸ਼ਹੀਦ ਬੀਹਲਾ ਸਿੰਘ ਸੰਧੂ ਨਾਰਲੀ ਦੇ ਪਰਿਵਾਰ ਵਿਚੋਂ)

ਸ੍ਰੀ ਸਤਿਗੁਰੂ ਜੀ ਤੋਂ ਪ੍ਰਵਾਨਗੀ ਲੈ ਕੇ ਸੂਬਾ ਸੁਰਿੰਦਰ ਕੌਰ ਖਰਲ ਅਤੇ ਸੰਤ ਭਗਵੰਤ ਸਿੰਘ ਇਨ੍ਹਾਂ ਨੂੰ ਦਿੱਲੀ ਨਾਲ ਲੈ ਕੇ ਆਏ। ਇਹ ਸਾਰਾ ਪ੍ਰੋਗਰਾਮ ਸ. ਗੁਰਭੇਜ ਸਿੰਘ ਗੁਰਾਇਆ (ਸਕੱਤਰ ਪੰਜਾਬੀ ਸਾਹਿਤ ਅਕੈਡਮੀ ਦਿੱਲੀ) ਦੇ ਉਦਮ ਸਦਕਾ ਹੋਇਆ। ਫੋਟੋਗ੍ਰਾਫੀ ਦਾ ਸਾਰਾ ਕੰਮ ਸੰਤ ਭਗਵੰਤ ਸਿੰਘ ਨੇ ਕੀਤਾ।

**- ਸੂਬਾ ਸੁਰਿੰਦਰ ਕੌਰ ਖਰਲ**


## ਵਿਆਹ ਸੰਬੰਧੀ

**ਨਾਮਧਾਰੀ ਲੜਕੀ, ਉਮਰ 23 ਸਾਲ, ਕੱਦ 5 ਫੁੱਟ 4 ਇੰਚ, ਬੀ. ਐਸ. ਸੀ. (ਨਰਸਿੰਗ) ਲਈ ਪਰਵਾਸੀ/ਸਰਕਾਰੀ ਨੌਕਰੀ ਕਰਦੇ ਲੜਕੇ ਦੀ ਜ਼ਰੂਰਤ ਹੈ।**

**ਫੋਨ : 09815026755** **ਪੋਸਟ ਬਾਕਸ :1011**

❖❖❖

**ਨਾਮਧਾਰੀ ਲੜਕਾ, ਉਮਰ 27 ਸਾਲ, ਕੱਦ 5 ਫੁੱਟ 7 ਇੰਚ, ਬੀ. ਟੈਕ. ਕਾਲਜ ਵਿਚ ਲੈਕਚਰਾਰ ਲਈ ਲੜਕੀ ਦੀ ਜ਼ਰੂਰਤ ਹੈ।**

**ਫੋਨ : 09779770496** **ਪੋਸਟ ਬਾਕਸ :1012**

❖❖❖

**ਨਾਮਧਾਰੀ ਲੜਕੀ, ਉਮਰ 23 ਸਾਲ, ਕੱਦ 5 ਫੁੱਟ 3 ਇੰਚ, ਬੀ. ਐਸ. ਸੀ. (ਆਈ. ਟੀ.) ਪ੍ਰਾਈਵੇਟ ਬੀ. ਏ. ਕਰ ਰਹੀ ਵਾਸਤੇ ਯੋਗ ਵਰ ਦੀ ਲੋੜ ਹੈ।**

**ਫੋਨ : 09779770496** **ਪੋਸਟ ਬਾਕਸ :1013**

❖❖❖

**ਨਾਮਧਾਰੀ ਲੜਕੀ, ਉਮਰ 23 ਸਾਲ, ਕਦ 5 ਫੁੱਟ 4 ਇੰਚ, ਬੀ. ਐਸ. ਸੀ. (ਨਰਸਿੰਗ) ਲਈ ਵਰ ਦੀ ਲੋੜ ਹੈ।**

**ਫੋਨ : 09815026755** **ਪੋਸਟ ਬਾਕਸ :1014**

❖❖❖

**ਸੋਹਣਾ ਸੁਨਖਾ ਨਾਮਧਾਰੀ ਲੜਕਾ, ਉਮਰ 27 ਸਾਲ, ਕੱਦ 5 ਫੁੱਟ 8 ਇੰਚ, ਕਨੇਡਾ ਵਿਚ ਪੱਕੀ ਨੌਕਰੀ, ਲਈ ਪੜ੍ਹੀ ਲਿਖੀ, ਖੂਬਸੂਰਤ ਲੜਕੀ ਦੀ ਲੋੜ ਹੈ।**

**ਫੋਨ : 09876010532** **ਪੋਸਟ ਬਾਕਸ :1015**

❖❖❖

**ਨਾਮਧਾਰੀ (ਵਿਧਵਾ) ਲੜਕੀ, ਉਮਰ 29 ਸਾਲ, ਕੱਦ 5 ਫੁੱਟ 3 ਇੰਚ, ਬੀ. ਕਾਮ., ਬੀ. ਐਡ. ਲਈ ਯੋਗ ਵਰ ਦੀ ਲੋੜ ਹੈ।**

**ਫੋਨ : 08375003423, 09711660839,** **ਪੋਸਟ ਬਾਕਸ :1016**

**ਈ. ਮੇਲ : rupinder20142014@gmail.com**

❖❖❖

**ਨਾਮਧਾਰੀ ਲੜਕੀ, ਉਮਰ 28 ਸਾਲ, ਕੱਦ 5 ਫੁੱਟ 3 ਇੰਚ, +2 ਅਤੇ ਡਿਪਲੋਮਾ, ਬੀ. ਐਸ. ਸੀ. (ਆਈ. ਟੀ.) ਕਰ ਰਹੀ ਵਾਸਤੇ ਨਾਮਧਾਰੀ ਲੜਕੇ ਦੀ ਜ਼ਰੂਰਤ ਹੈ।**

**ਫੋਨ : 07508305000** **ਪੋਸਟ ਬਾਕਸ :1017**

# ਸਤਿਜੁਗ

**ਨਾਮਧਾਰੀ ਗੁਰਦੁਆਰਾ, ਰਮੇਸ਼ ਨਗਰ, ਨਵੀਂ ਦਿੱਲੀ-15**

**e-mail : satjugweekly@gmail.com**

# NAAM SIMRAN MEANS TO EXPERERIENCE THE PRESENCE OF GOD

The Creator of the universe created the universe with a single word.This word was unique and matchless in nature which was very pleasant and musical.The great religious personalities felt the need to explain this in their own words and to spread the same in common people. The meaning of NAAM is explanation of the character/qualities of God. Religious scholars called the God by various names to explain the vision of God by way of certain Devtas, Gurus i.e. Ram ,Allah, Narayan, Bhagwan, Hari etc.The name of God was kept Om being present everywhere in the universe. This is called its sargun swarup which represents the quality of God by way of its qualities, GUNAS.The God is called by its NIRGUN qualities ,which represents the presence of Him in every thing and everywhere.

NAAM can only be obtained from the true Guru, Satguru. The Satguru tells the person a certain name in praise of God,by keeping this in mind one has the God in his memory /mind every moment.Sri Guru Nanak Dev Jee has blessed us with NAAM which he created after meditation for a large number of years in various YUGAS.We Namdhari Sikhs get it at the time of birth which is repeatedly given to us on getting maturity with the blessings of Satguru Jee.When the Naam is given certain instructions are also given explaining the rules to follow including keeping it secret and recite in mind only ,not loudly.The Naam is given only by the authorized person having full knowledge of Maryada.

The recital of Naam does not mean to leave the world and sit aside all alone and sacrifice the comforts of life,but Guru Nanak Dev Jee has clarified this while having discourse with the Sidhas that the meditation can be and should be done while living a normal life in the world itself by eating normal food and leading a life according to the sermons of the Satguru living alert in the memory of God all the time. The Naam has the powers of the MANTRAS also but Satguru jee has declined this theory because by getting certain powers, the human being is tempted to show it by way of KARAMAT which is mother of EGO.

Naam is a recital of the name of God (RATAN). When a person recites Naam continuously his sub conscious mind is deeply affected by it.He becomes selfless. His existence is mixed with the universe or the Guru. Our religion does not permit us to leave the work and go to jungle for meditation, we are supposed to recite the name of God in the company of our fello a followers which is called SADH SANGAT and continue to work and earn livelihood,and share the same with others. By reciting the Naam the person comes close to God which is the ultimate goal of our life.

The Man being a part of God is separated from HIM and suffering the endless pains of birth and death.The Great thinkers and preachers of the world have told certain ways and methods for salvation but the Naam Simran is the easiest and the shortest way to mingle with God and achieve salvation. Naam Simran means to expererience the presence of God all the time with us recite him with each breath.

***Akha Jiwa Visre Mar Jao***

This ia not only recital but an experience, Guru Gobind Singh recited TU HE TU HE TU HE continuously while realizing the presence of God. Naam is present everywhere, it is Love,an experience, a song, an endless music, boundless word,tenth door of salvation, Sargun, Nirgun, Nirankar, everything, everything, everything is NAAM.

Once one of the followers of Budha asked him What have you got from meditation , he replied ,nothing . However he said he has lost ANGER, ANXIETY, DEPRESSION, INSECURITY, FEAR OF OLD AGE AND FEAR OF DEATH.

There is transformation to life when we start meditation it transform our

| | | |
|---|---|---|
| Worries | to | Happiness |
| Problem | to | Relaxation |
| Stress | to | peace |
| Tension | to | Confidence |
| Anxiety | to | Clarity in mind |
| Doubt | to | Focus |
| Fear | to | Better Health |

Sri Satguru Partap Singh Ji started the Naam Simran in a unique way for the world peace and betterment of mankind.He invented the JAP PARYOG and started the simran in the early morning with the presence of JOT and DHOOP by having certain maryada himself.In the beginning the prayog was started for a period of 40 days which was changed with passage of time by satguru Jagjit Singh Ji .Satguru Jagjit Singh Ji continued the Jap Payog with the same spirit adding to the timings to 8 hours daily, which is being followed by the present Satguru Uday Singh Ji. The timings and the places of the jap paryog were also frequently changed by Satguru ji to involve the entire Namdhari Sangat.Way back in 1978 the total strength of Jap Paryog Sangat stood at below 100 but now a days the strength of the same is crossing thousands at Sri Bhaini Sahib itself and in addition to Sri Bhani Sahib at more than 100 places the Naam Simran is being carried out in the shape of Jap Prayog by lacs of Namdhari Sikhs everyday, which is a unique example in this materialistic world. Satguru Ji has been kind towards ladies also when on the request of Mata Bhupinder Kaur He allowed them to attend the Jap Prayog. We are lucky to have birth in this period of Satguru Ji and having got the birth in the Namdhari families where Naam Simran is a way of life.I congratulate you on this occasion that you are the part and parcel of such a sacred recital of NAAM under the banner of Satguru Uday Singh Ji.

**Dhian Singh (Bank Of Baroda)**


## MATRIMONIALS

Wanted suitable match for Namdhari girl, 29, 5 feet 3 inches, B.A., B.Ed., Teacher in Guru Harkrishan Public School.
Contact: 07840883100 Post Box: 1018

❖❖❖

Alliance invited for Namdhari girl, 26, 5 feet 3 inches, GNM, B.Sc. Nursing. NRI match shall be preferred.
Contact: 09517506055 Post Box: 1019

❖❖❖

Wanted suitable Namdhari boy for Namdhari girl, 23, 5 feet 3 inches, Diploma, B.Sc. (Computer Engineering).
Contact: 09779770496 Post Box: 1020

❖❖❖

Wanted issueless, barren (unable to conceive) match for Namdhari Sikh, 40, 5 feet 6 inches, two children, first wife passed away.
Contact: 09872584662 Post Box: 1021

❖❖❖

Wanted suitable girl (permanent resident of Canada) for Namdhari boy, 35, 5 feet 10 inches, holding Canadian PR.
Contact: 07508852495 Post Box: 1022

**Post Box : 609**

**Correspond Care :**

**SATJUG**

**Namdhari Gurdwara Ramesh Nagar, New Delhi-15**
**e-mail : satjugweekly@gmail.com**

# ਅੰਮ੍ਰਿਤਸਰ ਸਾਹਿਬ ਦੇ ਸ਼ਹੀਦਾਂ ਨਮਿਤ ਮੇਲਾ...(ਬਾਕੀ ਸਫਾ 2 ਦੀ)




**ਅੰਮ੍ਰਿਤਸਰ ਮੇਲੇ ਸਮੇਂ ਰਾਗੀ ਕੁਲਦੀਪ ਸਿੰਘ ਹੰਸਪਾਲ ਜਥੇ ਸਮੇਤ ਕੀਰਤਨ ਕਰਦੇ ਹੋਏ।**

ਵੱਡੇ ਵਡੇਰਿਆਂ ਕਰਕੇ, ਉਸ ਮਹਾਨ ਪ੍ਰਪੰਰਾ ਨੂੰ ਸਾਂਭ ਕੇ ਰਖਿਆ ਹੈ। ਅਸੀਂ ਇਸ ਸਮਾਜ ਦਾ, ਦੇਸ਼ ਦਾ ਕੰਮ ਕਰ ਸਕੀਏ।

**ਸ. ਗੁਰਵਿੰਦਰ ਸਿੰਘ ਕਬੀਰ ਪੰਥੀ** ਨੇ ਕਿਹਾ ਸ੍ਰੀ ਸਤਿਗੁਰੂ ਜੀ ਦੀ ਬਦੋਲਤ ਸਾਡੇ ਨਾਮਧਾਰੀ ਸਿੰਘਾਂ ਨੇ ਸ਼ਹੀਦੀਆਂ ਪ੍ਰਾਪਤ ਕੀਤੀਆਂ। ਉਹ ਮਾਤਾਵਾਂ ਧੰਨ ਸਨ ਜਿਹਨਾਂ ਨੇ ਵਡੇ ਸੂਰਬੀਰ ਯੋਧਿਆਂ ਨੂੰ ਪੈਦਾ ਕੀਤਾ ਹੈ। ***"ਮੋਹਿ ਮਰਣੇ ਕਾ ਚਾਉ ਹੈ, ਮਰਉਂ ਤਾਂ ਹਰਿ ਕੇ ਦੁਆਰ"*** ਇਹ ਸ਼ਹੀਦੀਆਂ ਤਾਂ ਹੀ ਹੁੰਦੀਆਂ ਹਨ ਜੇ ਸਾਡੇ ਕੋਲ ਨਾਮ ਹੋਵੇ। ਇਹ ਸਾਡੇ ਸਰੀਰ ਨਾਲੋਂ ਸੰਬੰਧ ਤੋੜ ਦਿੰਦੀ ਹੈ। ਜਿਨਾਂ ਨੇ ਗੁਰੂ ਦੇ ਸ਼ਬਦ ਦੀ ਕਮਾਈ ਕੀਤੀ, ਸਰੀਰ ਦਾ ਮੋਹ ਨਹੀਂ ਰਿਹਾ, ਗੁਰੂ ਦੇ ਬਚਨ ਤੇ ਹੀ ਕੁਰਬਾਨ ਹੋ ਗਏ। ਸਤਿਗੁਰੂ ਜਗਜੀਤ ਸਿੰਘ ਜੀ ਦਾ ਦਰਸ਼ਨ ਹੀ ਦੁਰਲਭ ਸੀ। ਏਨਾਂ ਠੰਡਾ ਦਰਸ਼ਨ ਸੀ, ਮਨ ਖੁਸ਼ ਹੋ ਜਾਂਦਾ ਸੀ। ਅਸੀਂ ਸਤਿਗੁਰੂ ਜੀ ਦਾ ਧੰਨਵਾਦ ਕਰਦੇ ਹਾਂ ਜਿਨ੍ਹਾਂ ਨੇ ਸਾਨੂੰ ਆਪਣੇ ਚਰਨਾਂ ਨਾਲ ਜੋੜਿਆ ਹੈ।

**ਸ. ਸਵਰਨ ਸਿੰਘ ਵਿਰਕ** ਨੇ ਕਿਹਾ ***"ਸੀਸ ਦੀਏ ਅਰ ਸੀ ਨ ਕਰੀ"*** ਸਤਿਗੁਰੂ ਰਾਮ ਸਿੰਘ ਜੀ ਦਾ ਇਸ ਧਰਤੀ ਤੇ ਆਗਮਨ ਲੋਕਾਂ ਦੀ ਬੰਦ ਖਲਾਸੀ ਵਾਸਤੇ ਸੀ। ਅੰਗਰੇਜ਼ਾਂ ਦੇ ਆਉਣ ਤੋਂ ਪਹਿਲਾਂ ਲਗਭਗ 65 ਸਾਲ ਪਹਿਲਾਂ ਕੋਈ ਗਊ ਬੱਧ ਨਹੀਂ ਸੀ ਹੋਇਆ। ਭਾਵੇਂ ਉਹ ਕੋਈ ਵੀ ਰਾਜ ਸੀ। ਅੰਗਰੇਜ਼ ਜਦੋਂ ਆਇਆ, ਬਹਾਦਰੀ ਨਾਲ ਰਾਜ ਨਹੀਂ ਖੋਹਿਆ। ਗੁਲਾਮ ਕਰਕੇ ਸਿੱਖ ਖਰੀਦ ਲਏ। ਤਖਤ ਤੇ ਭਾਵੇਂ ਰਾਜਾ ਦਲੀਪ ਸਿੰਘ ਸੀ 1847 ਦੀ 24 ਮਾਰਚ ਨੂੰ ਤਾਂਬੇ ਤੇ ਪਤਰਾਂ ਤੇ ਲਿਖ ਕੇ ਲਾਇਆ ਸੀ ਇਸ ਅੰਮ੍ਰਿਤਸਰ ਵਿਚ ਗਊ ਬੱਧ ਨਹੀਂ ਹੋਵੇਗਾ, ਪਰਿਕਰਮਾ ਵਿਚ ਜੋੜੇ ਪਹਿਨ ਕੇ ਨਹੀਂ ਜਾਵੇਗਾ। ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿੱਚ ਗਊ ਹੱਤਿਆ ਵਾਸਤੇ ਸਖਤ ਕਾਨੂੰਨ ਸੀ। 1849 ਨੂੰ ਜਦੋਂ ਕਬਜ਼ਾ ਹੋਇਆ ਕਿਸੇ ਵੀ ਵਿਅਕਤੀ ਨੂੰ ਆਪਣੇ ਗੁਆਂਢੀ ਦੇ ਕੰਮਕਾਜ, ਧਰਮ ਵਿਚ ਦਖਲ ਦੇਣ ਦੀ ਇਜ਼ਾਜ਼ਤ ਨਹੀਂ ਹੋਵੇਗੀ। ਅੰਗਰੇਜ਼ਾਂ ਨੇ ਕਿਹਾ ਹੁਣ ਸਾਡਾ ਰਾਜ ਹੈ। ਗਊ ਹੱਤਿਆ ਦੇ ਬਹਾਨੇ ਉਹ ਮਹਿਸੂਸ ਕਰਵਾਉਣਾ ਚਾਹੁੰਦੇ ਸਨ ਅਸੀਂ ਕੁਝ ਵੀ ਕਰ ਸਕਦੇ ਹਾਂ। ਹਿੰਦੂਆਂ ਤੇ ਮੁਸਲਮਾਨਾਂ ਦਾ ਵਿਉਪਾਰ ਇਕੱਠਾ ਸੀ। ਸਮਾਂ ਆ ਗਿਆ। 1872 ਤੋਂ ਗਊ ਹੱਤਿਆ ਵਾਸਤੇ ਇਜ਼ਾਜ਼ਤ ਨਹੀਂ ਦਿੱਤੀ ਜਾਵੇਗੀ। ਇਹ ਬਹੁਤ ਹੀ ਲੰਮਾ ਇਤਿਹਾਸ ਹੈ। ਨਾਮਧਾਰੀ ਸਿੰਘਾਂ ਦੀਆਂ ਕੁਰਬਾਨੀਆਂ ਵਿਅਰਥ ਨਹੀਂ ਗਈਆਂ। ਉਹਨਾਂ ਨੇ ਆਜ਼ਾਦੀ ਦਾ ਨਾਅਰਾ ਬੁਲੰਦ ਕੀਤਾ।

**ਸੂਬਾ ਸੁਰਿੰਦਰ ਕੌਰ ਖਰਲ** ਨੇ ਅੰਮ੍ਰਿਤਸਰ ਸਾਕੇ ਦੇ ਸ਼ਹੀਦਾਂ ਬਾਰੇ ਆਰਕਾਇਵਜ਼ ਪਟਿਆਲਾ ਤੋਂ ਕਢਵਾਏ ਗਏ ਦਸਤਾਵੇਜ ਪੜ੍ਹ ਕੇ ਸੁਣਾਏ ਅਤੇ ਦੱਸਿਆ ਕਿ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਹੁਕਮ ਕੀਤਾ ਸੀ ਕਿ ਇਹਨਾਂ ਨੂੰ ਛੇਤੀਂ ਛਪਵਾਉ ਤਾਂਕਿ ਸਚਾਈ ਦੁਨੀਆਂ ਦੇ ਸਾਹਮਣੇ ਆ ਸਕੇ। ਇਹ ਦਸਤਾਵੇਜ਼ ਸੰਨ 2005 ਵਿਚ ਕਢਵਾਏ ਗਏ ਹਨ, ਅਜੇ ਇਹ ਛਪਣੇ ਹਨ ਜੋ ਇਹ ਛੇਤੀਂ ਹੀ ਛਪਵਾਏ ਜਾਣਗੇ।

**ਜਸਵਿੰਦਰ ਸਿੰਘ ਹਿਸਟੋਰੀਅਨ** ਨੇ ਕਿਹਾ ਅੱਜ ਦਾ ਸ਼ਹੀਦੀ ਮੇਲਾ ਉਨ੍ਹਾਂ ਸ਼ਹੀਦਾਂ ਦੀ ਯਾਦ ਵਿਚ ਹੈ ਜਿਨ੍ਹਾਂ ਨੇ ਅੰਗਰੇਜ਼ਾਂ ਦੇ ਕਾਨੂੰਨ ਨੂੰ ਤੋੜਿਆ ਸੀ। ਆਜ਼ਾਦੀ ਦੇ ਇਤਿਹਾਸ ਨੂੰ 90 ਸਾਲ ਪਹਿਲਾਂ ਨਮਕ ਦਾ ਕਾਨੂੰਨ ਤੋੜਿਆ ਸੀ। ਸਿੰਘਾਂ ਨੇ 15 ਸਤੰਬਰ 1871 ਈ. ਨੂੰ ਬੁੱਚੜਖਾਨੇ ਤੇ ਹਮਲਾ ਕਰਕੇ ਅੰਗਰੇਜ਼ਾਂ ਨੂੰ ਝੰਜੋੜਿਆ ਸੀ। ਜਦੋਂ ਅੰਗਰੇਜ਼ਾਂ ਨੇ ਪੰਜਾਬ ਤੇ ਕਬਜ਼ਾ ਕਰ ਲਿਆ ਸੀ 1849 ਵਿਚ ਬੁੱਚੜਖਾਨਾ ਖੁਲ੍ਹ ਗਿਆ। ਅੰਮ੍ਰਿਤਸਰ ਵਿਚ 60% ਮੁਸਲਮਾਨਾਂ ਦੀ ਆਬਾਦੀ ਸੀ। ਅੰਗਰੇਜ਼ਾਂ ਨੇ ਇਸ ਗਲ ਦੀ ਕੋਈ ਪਰਵਾਹ ਨਹੀਂ ਕੀਤੀ। ਉਨ੍ਹਾਂ ਨੇ ਆਪਣਾ ਕਾਨੂੰਨ ਕਾਇਮ ਕੀਤਾ। ਪਰ ਸਤਿਗੁਰੂ ਰਾਮ ਸਿੰਘ ਜੀ ਦੇ ਸਿਖਾਂ ਨੇ ਅੰਗਰੇਜ਼ਾਂ ਦੇ ਇਸ ਕਾਨੂੰਨ ਦਾ ਸਖਤ ਵਿਰੋਧ ਕੀਤਾ ਅਤੇ ਉਨ੍ਹਾਂ ਦੇ ਬੁੱਚੜਖਾਨਿਆਂ ਤੇ ਹਮਲੇ ਕਰਕੇ ਉਨ੍ਹਾਂ ਦੀ ਨੀਂਦ ਹਰਾਮ ਕਰ ਦਿੱਤੀ ਸੀ। ਐਸੇ ਮਹਾਨ ਸ਼ਹੀਦਾਂ ਨੂੰ ਮੈਂ ਸੀਸ ਝੁਕਾਉਂਦਾ ਹਾਂ।

**ਸੰਤ ਸੁਰਿੰਦਰ ਸਿੰਘ ਨਾਮਧਾਰੀ ਮੀਤ ਪ੍ਰਧਾਨ ਨਾਮਧਾਰੀ ਦਰਬਾਰ** ਨੇ ਕਿਹਾ ਕਿ ਸ੍ਰੀ ਸਤਿਗੁਰੂ ਜੀ ਨੇ ਬਹੁਤ ਕਿਰਪਾ ਕੀਤੀ ਹੈ ਇਥੇ ਦਰਸ਼ਨ ਦਿੱਤੇ ਹਨ, ਮੇਲਾ ਹੋਇਆ ਹੈ। ਸ੍ਰੀ ਸਤਿਗੁਰੂ ਜੀ ਦੀ ਕਿਰਪਾ ਨਾਲ ਇਹ ਮੇਲੇ ਸ਼ੁਰੂ ਹੋਏ ਤੇ ਉਨਾਂ ਦੀ ਕਿਰਪਾ ਨਾਲ ਇਹ ਜਗ੍ਹਾ ਮਿਲੀ ਹੈ। ਸਤਿਗੁਰੂ ਜਗਜੀਤ ਸਿੰਘ ਜੀ ਨੇ ਆਪਣੇ ਸਮੇਂ ਸ਼ਹੀਦਾਂ ਦੀਆਂ ਸਾਰੀਆਂ ਜਗ੍ਹਾ ਲਈਆਂ ਤੇ ਤਿਆਰ ਕਰਵਾਈਆਂ। ਇਸ ਦਾ ਸਿਹਰਾ ਸ਼ਹੀਦ ਸ. ਬੇਅੰਤ ਸਿੰਘ ਨੂੰ ਜਾਂਦਾ ਹੈ। ਸ. ਪ੍ਰਕਾਸ਼ ਸਿੰਘ ਬਾਦਲ ਤੇ ਬੀ. ਜੇ. ਪੀ. ਦੀ ਸਰਕਾਰ ਨੇ ਇਸਨੂੰ ਵੱਡੇ ਪੱਧਰ ਤੇ ਮਨਾਇਆ। ਹੁਣ 200 ਸਾਲਾ ਸਤਿਗੁਰੂ ਰਾਮ ਸਿੰਘ ਜੀ ਦਾ ਪ੍ਰਕਾਸ਼ ਦਿਵਸ ਵੀ ਇਹ ਸਰਕਾਰ ਮਨ੍ਹਾ ਰਹੀ ਹੈ। ਉਨ੍ਹਾਂ ਨੇ ਆਈ ਹੋਈ ਸੰਗਤ ਦਾ ਬਹੁਤ ਧੰਨਵਾਦ ਕੀਤਾ।

**ਸ਼ਹੀਦੀ ਸਮਾਰਕ-** ਸੰਤ ਸੁਰਿੰਦਰ ਸਿੰਘ ਨਾਮਧਾਰੀ ਦੀ ਅਗਵਾਈ ਵਿਚ ਸ਼ਹੀਦੀ ਸਮਾਰਕ ਨੂੰ ਅਤਿ ਸੁੰਦਰ ਬਣਾਇਆ ਗਿਆ ਸੀ। ਸ੍ਰੀ ਸਤਿਗੁਰੂ ਜੀ ਦਾ ਸੁੰਦਰ ਕਮਰਾ, ਲੰਗਰ ਛਕਣ ਵਾਲਾ ਹਾਲ ਅਤਿ ਸੁੰਦਰ ਹੈ। ਚਾਰੇ ਪਾਸੇ ਗੇਟ ਤੇ ਗਰਿਲਾਂ ਨਾਲ ਸ਼ਹੀਦੀ ਸਮਾਰਕ ਦੀ ਦਿਖ ਦੇਖਣ ਯੋਗ ਹੈ। ਸੂਬਾ ਅਮਰੀਕ ਸਿੰਘ ਤੇ ਸਮੁਚੀ ਪ੍ਰਬੰਧਕ ਵਰਗ ਕਮੇਟੀ ਨੇ ਇਸ ਕਾਰਜ ਵਿਚ ਪੂਰਾ ਸਹਿਯੋਗ ਦਿੱਤਾ ਹੈ।

**ਲੰਗਰ ਦਾ ਪ੍ਰਬੰਧ-** ਸੋਧ ਦੇ ਲੰਗਰ ਦਾ ਵਖਰਾ ਇੰਤਜਾਮ ਸੀ ਸ਼ਹੀਦੀ ਬੋਹੜ ਦੇ ਨਾਲ ਹੀ ਸਾਰੀ ਸੰਗਤ ਵਾਸਤੇ ਲੰਗਰ ਦਾ ਪ੍ਰਬੰਧ ਬਹੁਤ ਹੀ ਵਧੀਆ ਢੰਗ ਨਾਲ ਕੀਤਾ ਹੋਇਆ ਸੀ। ਸ੍ਰੀ ਭੈਣੀ ਸਾਹਿਬ ਤੋਂ ਆਏ ਲਾਂਗਰੀਆਂ ਨੇ ਤੇ ਸਥਾਨਕ ਜਥੇ ਦੇ ਸਿੰਘਾਂ ਤੇ ਬੀਬੀਆਂ ਵਲੋਂ ਬਹੁਤ ਹੀ ਵਧੀਆ ਢੰਗ ਨਾਲ ਲੰਗਰ ਤਿਆਰ ਕੀਤਾ ਹੋਇਆ ਸੀ। ਗੁਰੂ ਕਾ ਲੰਗਰ ਅਤੁਟ ਵਰਤਦਾ ਰਿਹਾ।

**ਪੰਡਾਲ-** ਸ੍ਰੀ ਸਤਿਗੁਰੂ ਜੀ ਦੀ ਸੁੰਦਰ ਪਾਲਕੀ ਸੁਸੋਭਿਤ ਸੀ। ਉਹਨਾਂ ਦੇ ਨਾਲ ਹੀ ਸਜੇ ਤੇ ਖਬੇ ਪਾਸੇ ਪਤਵੰਤੇ ਸੱਜਣਾਂ ਦੇ ਬੈਠਣ ਦਾ ਪ੍ਰਬੰਧ ਸੀ।

**ਕੀਰਤਨ**-ਰਾਗੀ ਸਿੰਘਾਂ ਨੇ ਸ਼ਹੀਦਾਂ ਦੀ ਯਾਦ ਵਿਚ ਇਕ ਘੰਟਾ ਕੀਰਤਨ ਕੀਤਾ।

**ਬਖਸ਼ਿਸ਼**-ਪ੍ਰਬੰਧਕੀ ਵਰਗ ਤੇ ਵਿਦਿਅਕ ਜਥੇ ਦੇ ਨੌਜਵਾਨਾਂ ਨੇ ਸ੍ਰੀ ਸਤਿਗੁਰੂ ਜੀ ਦੇ ਚਰਨਾਂ 'ਚ ਅਰਜ਼ ਕੀਤੀ ਬਖਸ਼ਿਸ਼ ਕਰੋ ਸਾਰੇ ਨੌਜਵਾਨਾਂ ਨੂੰ ਸੇਵਾ ਕਰਨ ਦਾ ਬਲ ਬਖਸ਼ੋ, ਮਿਹਰ ਭਰਿਆ ਹੱਥ ਰਖੋ।

**ਮੇਲੇ ਦੀ ਸੇਵਾ**-ਸਵ: ਸੰਤ ਦਲੀਪ ਸਿੰਘ ਪੰਨਵ ਦੇ ਪੁੱਤਰ ਸੰਤ ਸਤਵਿੰਦਰ ਸਿੰਘ ਪੰਨਵ ਪਰਿਵਾਰ ਨੇ ਤਨ, ਮਨ ਤੇ ਧਨ ਨਾਲ ਸੇਵਾ ਕੀਤੀ। ਸਾਰੇ ਪਰਿਵਾਰ ਨੂੰ ਸ੍ਰੀ ਸਤਿਗੁਰੂ ਜੀ ਨੇ ਖੁਸ਼ੀਆਂ ਬਖਸ਼ੀਆਂ। ਅਗਲੇ ਸਾਲ ਦੇ ਮੇਲੇ ਦੀ ਸੇਵਾ ਵੀ ਪੰਨਵ ਪਰਿਵਾਰ ਨੂੰ ਬਖਸ਼ਿਸ਼ ਹੋਈ।

**ਮੇਲੇ ਦਾ ਪ੍ਰਬੰਧ**-ਸੂਬਾ ਅਮਰੀਕ ਸਿੰਘ ਦੀ ਸੁਯੋਗ ਅਗਵਾਈ ਵਿਚ ਸਮੁੱਚੀ ਪ੍ਰਬੰਧ ਕਮੇਟੀ ਤੇ ਸਮੁੱਚੀ ਨਾਮਧਾਰੀ ਸੰਗਤ ਸ੍ਰੀ ਅੰਮ੍ਰਿਤਸਰ ਨੇ ਤਨ, ਮਨ ਤੇ ਧਨ ਨਾਲ ਸੇਵਾ ਕਰਕੇ ਸ੍ਰੀ ਸਤਿਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ। ਮੇਲੇ ਦਾ ਪ੍ਰਬੰਧ ਬਹੁਤ ਹੀ ਵਧੀਆ ਢੰਗ ਨਾਲ ਕੀਤਾ ਹੋਇਆ ਸੀ।

**ਸੰਗਤਾਂ ਦਾ ਇਕੱਠ-** ਸ੍ਰੀ ਸਤਿਗੁਰੂ ਜੀ ਦੀ ਪਾਵਨ ਹਜ਼ੂਰੀ ਵਿਚ ਮਨਾਏ ਸ਼ਹੀਦੀ ਮੇਲੇ ਤੇ ਸੰਗਤਾਂ ਦਾ ਇਕਠ ਬਹੁਤ ਜ਼ਿਆਦਾ ਸੀ। ਤਕਰੀਬਨ 1.30 ਘੰਟਾ ਲਗਾਤਾਰ ਨਮਸਕਾਰ ਹੁੰਦੀ ਰਹੀ। ਸ਼ਹੀਦੀ ਮੇਲੇ ਤੇ ਦੂਰ ਦੂਰ ਤੋਂ ਸੰਗਤਾਂ ਨੇ ਆਕੇ ਸ਼ਹੀਦੀ ਸਥਾਨ ਤੇ ਆਪਣੀ ਹਾਜ਼ਰੀ ਲੁਆਈ ਤੇ ਸਤਿਗੁਰੂ ਜੀ ਦੇ ਪਾਵਨ ਪਵਿੱਤਰ ਦਰਸ਼ਨ ਕਰਕੇ ਆਪਣਾ ਜਨਮ ਸਫਲਾ ਕੀਤਾ।

ਸ੍ਰੀ ਸਤਿਗੁਰੂ ਜੀ ਬਖਸ਼ਿਸ਼ ਕਰਨ ਸਾਰੀ ਸੰਗਤ ਨੂੰ ਸੇਵਾ ਕਰਨ ਦਾ ਬਲ ਬਖਸ਼ਣ। ਮੇਲੇ ਵਿਚ ਆਈ ਸੰਗਤ ਦਾ ਧੰਨਵਾਦ ਕੀਤਾ ਗਿਆ। ਗੁਰੂ ਕਾ ਲੰਗਰ ਅਤੁੱਟ ਵਰਤਦਾ ਰਿਹਾ।

**-ਗੁਰਦੇਵ ਸਿੰਘ ਚੀਮਾ,** *ਸਕੱਤਰ*
*ਵਿਸ਼ਵ ਨਾਮਧਾਰੀ ਵਿਦਿਅਕ ਜਥਾ ਰਜਿ:*
*ਸ੍ਰੀ ਭੈਣੀ ਸਾਹਿਬ*

# ਲੁਧਿਆਣਾ ਵਿਖੇ ਹਫਤਾਵਾਰੀ ਸਮਾਗਮ

11-9-2016- ਸਾਧ ਸੰਗਤ ਲੁਧਿਆਣਾ ਵਲੋਂ ਨਾਮਧਾਰੀ ਸ਼ਹੀਦੀ ਸਮਾਰਕ ਲੁਧਿਆਣਾ ਵਿਖੇ ਅੱਜ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਦਸਤਾਰਬੰਦੀ ਮੇਲਾ 25 ਭਾਦਰੋਂ ਮਨਾਇਆ ਗਿਆ। ਸੰਤ ਪ੍ਰੀਤਮ ਸਿੰਘ ਮੋਤੀ ਨਗਰ ਅਤੇ ਪਰਿਵਾਰ ਵਲੋ ਕਰਵਾਏ ਅੱਜ ਦੇ ਮੇਲੇ ਵਿਚ ਆਸਾ ਦੀ ਵਾਰ ਦਾ ਮਨੋਹਰ ਕੀਰਤਨ ਸੰਤ ਸੁਖਵਿੰਦਰ ਸਿੰਘ, ਜਥੇਦਾਰ ਜਸਬੀਰ ਸਿੰਘ, ਗੁਰਸੇਵਕ ਸਿੰਘ, ਹਰਜੀਤ ਸਿੰਘ, ਸੁੰਦਰ ਸਿੰਘ, ਆਸਾ ਸਿੰਘ, ਸਵਿੰਦਰ ਸਿੰਘ, ਮਨਜੀਤ ਸਿੰਘ ਸਤਨਾਮ ਸਿੰਘ ਆਦਿ ਨੇ ਕੀਤਾ। 3 ਪਾਠਾਂ ਦੇ ਭੋਗ ਪਾਏ ਗਏ। 1 ਪਾਠ ਦਾ ਭੋਗ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਦਸਤਾਰਬੰਦੀ ਦਿਵਸ ਦੀ ਖੁਸ਼ੀ ਵਿਚ, 1 ਪਾਠ ਦਾ ਭੋਗ ਬੱਚੀ ਰਜਿੰਦਰ ਕੌਰ ਦੇ ਜਨਮ ਦਿਨ ਦੀ ਖੁਸ਼ੀ ਵਿਚ ਸੰਤ ਰਿਸ਼ੀਪਾਲ ਸਿੰਘ ਵਲੋਂ, 1 ਪਾਠ ਦਾ ਭੋਗ ਮਾਤਾ ਗੁਰਬਚਨ ਕੌਰ ਦੇ ਵਰ੍ਹੀਣੇ ਦਾ ਪਰਿਵਾਰ ਵਲੋਂ ਪਾਇਆ ਗਿਆ। 370 ਪਾਠ ਚੋਪਈ ਦੇ ਸਾਧ ਸੰਗਤ ਵਲੋਂ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੀ ਚੜ੍ਹਦੀ ਕਲਾ ਲਈ ਕੀਤੇ ਗਏ। ਉਪਰੰਤ ਬੀਬੀ ਜਸਪਾਲ ਕੌਰ ਅਤੇ ਭਾਗੋ ਕੌਰ ਕਵਿਤਾਵਾਂ ਪੜ੍ਹੀਆਂ। ਬੀਬੀ ਲਖਵਿੰਦਰ ਕੌਰ ਨੇ ਸ਼ਬਦ-

***ਅਤਿ ਸੁੰਦਰ ਮਨ ਮੋਹਨਾ ਘਟਿ ਸੋਹਨਾ ਪ੍ਰਾਣ ਅਧਾਰਾ ਰਾਮ।।*** ਪੜ੍ਹਿਆ।

ਬੀਬੀ ਲਖਵਿੰਦਰ ਕੌਰ, ਸਿਮਰਜੀਤ ਕੌਰ ਅਤੇ ਭਾਗੋ ਕੌਰ ਨੇ ਗੀਤ-

*ਨਹੀਂ ਰੀਸਾਂ ਗੁਰ ਜਗਜੀਤ ਦੀਆਂ ਸਭਨਾਂ ਦੇ ਮਨ ਮੀਤ ਦੀਆਂ।*

ਬੱਚੀ ਹਰਨਾਮ ਕੌਰ ਨੇ ਆਪਣੇ ਜਥੇ ਨਾਲ ਦਿਵਾਨ ਲਗਾ ਕੇ ਸਤਿਗੁਰੂ ਜਗਜੀਤ ਸਿੰਘ ਜੀ ਦੀਆਂ ਸਾਖੀਆਂ ਸੁਣਾਈਆਂ। ਸੰਤ ਗੁਰਮੁਖ ਸਿੰਘ ਨੇ ਆਈ ਸੰਗਤ ਦਾ ਧੰਨਵਾਦ ਕਰਦਿਆਂ ਸਤਿਗੁਰੂ ਜਗਜੀਤ ਸਿੰਘ ਜੀ ਵਲੋਂ ਨਾਮਧਾਰੀ ਪੰਥ ਅਤੇ ਸੰਸਾਰ ਤੇ ਕੀਤੇ ਪਰਉਪਕਾਰਾਂ ਬਾਰੇ ਸਾਧ ਸੰਗਤ ਨਾਲ ਵਿਚਾਰ ਸਾਂਝੇ ਕੀਤੇ। ਸੂਬਾ ਹਰਭਜਨ ਸਿੰਘ ਵਲੋਂ ਅਰਦਾਸ ਕੀਤੀ ਗਈ।



**ਬੱਚੀ ਹਰਨਾਮ ਕੌਰ ਦਾ ਜਥਾ ਦਿਵਾਨ ਸਜਾਉਂਦਾ ਹੋਇਆ।**

# ਗਊ ਰੱਖਿਆਂ ਲਈ ਫਾਂਸੀ...(ਬਾਕੀ ਸਫਾ 4 ਦੀ)

ਸੀ.ਆਰ. ਲਿੰਡਸੇ ਨੇ ਨਾਮਧਾਰੀ ਸਿੱਖਾਂ ਦੀ ਸਜ਼ਾ ਨੂੰ ਬਰਕਰਾਰ ਰੱਖਦਿਆਂ 15 ਸਤੰਬਰ 1871 ਨੂੰ ਫਾਂਸੀ 'ਤੇ ਲਟਕਾਉਣ ਦਾ ਦਿਨ ਨਿਸ਼ਚਿਤ ਕਰ ਦਿੱਤਾ।

ਨਾਮਧਾਰੀ ਸਿੰਘਾਂ ਨੂੰ ਫਾਂਸੀ ਦੇਣ ਤੋਂ ਪਹਿਲਾਂ ਆਖ਼ਰੀ ਇੱਛਾ ਪੁੱਛੀ ਗਈ ਤਾਂ ਉਨ੍ਹਾਂ ਕਿਹਾ ਕਿ ਸਾਡਾ ਫਾਂਸੀ ਦਾ ਰੱਸਾ ਰੇਸ਼ਮ ਦਾ ਹੋਵੇ ਨਾ ਕਿ ਗਾਂ ਦੀ ਚਮੜੀ ਦਾ ਅਤੇ ਜੱਲਾਦ ਨਾ ਤਾਂ ਸਾਡਾ ਮੂੰਹ ਢਕੇ ਅਤੇ ਨਾ ਹੀ ਸਾਡੇ ਗਲਾਂ ਵਿਚ ਆਪਣੇ ਹੱਥਾਂ ਨਾਲ ਰੱਸਾ ਹੀ ਪਾਵੇ।ਦੱਸਦੇ ਹਨ ਕਿ ਉਸ ਦਿਨ ਇਸ ਫਾਂਸੀ ਦਾ ਅਲੌਕਿਕ ਨਜ਼ਾਰਾ ਕੁਝ ਅਲੱਗ ਹੀ ਕਿਸਮ ਦਾ ਸੀ।ਇਕ ਪਾਸੇ ਨਾਮਧਾਰੀ ਸਿੱਖਾਂ ਦੁਆਰਾ ਰੂਹਾਨੀਅਤ ਦਾ ਕੀਰਤਨ ਚੱਲ ਰਿਹਾ ਸੀ ਅਤੇ ਦੂਸਰੇ ਪਾਸੇ ਖ਼ੁਦ ਬੋਹੜ ਦੇ ਰੁੱਖ ਨਾਲ ਫੰਦੇ ਲਗਾ ਕੇ ਇਕ-ਇਕ ਕਰਕੇ ਨਾਮਧਾਰੀ ਸਿੰਘ ਫਾਂਸੀ 'ਤੇ ਝੂਲ ਰਹੇ ਸਨ।

ਇਨ੍ਹਾਂ ਸੂਰਬੀਰ ਨਾਮਧਾਰੀ ਸਿੰਘਾਂ ਦੀ ਸ਼ਹਾਦਤ ਦੇ ਬਾਅਦ ਅੰਮ੍ਰਿਤਸਰ ਦੇ ਕੰਪਨੀ ਬਾਗ਼ (ਰਾਮ ਬਾਗ਼) ਦੇ ਪ੍ਰਮੁੱਖ ਦਰਵਾਜ਼ੇ ਦੀ ਬਾਹਰੀ ਡਿਉਢੀ ਜਿਸ ਵਿਚ ਉਸ ਵੇਲੇ ਪੁਲਿਸ ਥਾਣਾ ਸਦਰ ਹੁੰਦਾ ਸੀ, ਦੇ ਸਾਹਮਣੇ ਮੌਜੂਦ ਬੋਹੜ ਦਾ ਰੁੱਖ ਇਕ ਸਾਧਾਰਨ ਅਤੇ ਬੇਨਾਮ ਰੁੱਖ ਨਾ ਰਹਿ ਕੇ ਸ਼ਹੀਦਾਂ ਦੇ ਬੋਹੜ ਦੇ ਨਾਂ ਨਾਲ ਇਕ ਯਾਦਗਾਰੀ, ਇਤਿਹਾਸਕ ਤੇ ਮੁਕੱਦਸ ਰੁੱਖ ਬਣ ਗਿਆ।ਇਸ ਰੁੱਖ ਦਾ ਪਿਛੋਕੜ ਜਾਣਨ ਤੋਂ ਬਾਅਦ ਇਸ ਅੱਗੋਂ ਨਿਕਲਣ ਵਾਲੇ ਰਾਹਗੀਰਾਂ ਦਾ ਸਿਰ ਆਪ ਮੁਹਾਰੇ ਸ਼ਰਧਾ ਨਾਲ ਝੁਕ ਜਾਂਦਾ ਹੈ।

■

# ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਨਮਿਤ..(ਬਾਕੀ ਸਫਾ 1 ਦੀ)

ਉਨ੍ਹਾਂ ਦੀ ਜ਼ਿੰਦਗੀ ਉਸ ਕੰਧ ਵਾਂਗ ਹੈ ਜਿਹੜੀ ਕਿਸੇ ਵੇਲੇ ਡਿਗ ਸਕਦੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ 'ਨਾਮ' ਦੇ ਉਪਰ 40 ਜੁੱਗ ਤੱਪ ਕਰਕੇ ਸਾਨੂੰ ਇਕ ਉੱਤਮ ਜ਼ਿੰਦਗੀ ਜਿਉਣ ਲਈ ਤੇ ਭਵ ਸਾਗਰ ਤੋਂ ਪਾਰ ਕਰਨ ਲਈ ਇਹ ਵਸਤ ਦਿੱਤੀ। ਵੱਖ ਵੱਖ ਗੁਰੂ ਸਾਹਿਬਾਨਾਂ ਨੇ ਆਪੋ ਆਪਣੇ ਸਮੇਂ ਵਿਚ ਇਸ ਦਾ ਪ੍ਰਚਾਰ ਕੀਤਾ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਸਮਾਂ ਆਇਆ ਉਹਨਾਂ ਨੇ ਪੰਜ ਪਿਆਰਿਆਂ ਨੂੰ ਅੰਮ੍ਰਿਤ ਛਕਾ ਕੇ ਇਕ ਮਹਾਨ ਸੰਤ ਖਾਲਸੇ ਦੀ ਸਿਰਜਨਾ ਕੀਤੀ। ਉਹਨਾਂ ਨੇ ਮੁਕਤੀ ਤੇ ਯੁਕਤੀ ਦਾ ਰਸਤਾ ਸਮਝਾਇਆ। ਇਕ ਸੱਚਾ ਸੁੱਚਾ ਤੇ ਆਦਰਸ਼ ਸਮਾਜ ਦੀ ਸਿਰਜਨਾ ਕੀਤੀ। ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਤੋਂ ਮੁਕਤੀ ਦੁਆਈ। ਸਤਿਗੁਰੂ ਰਾਮ ਸਿੰਘ ਜੀ ਦੇ ਸਿਖਾਂ ਦਾ ਜੀਵਨ ਸੱਚਾ ਸੁੱਚਾ ਤੇ ਉਚਾ ਆਚਰਣ ਸੀ। ਨਾਮ ਸਿਮਰਨ ਤੇ ਗੁਰਬਾਣੀ ਉਹਨਾਂ ਦੇ ਜੀਵਨ ਦਾ ਆਧਾਰ ਸੀ। ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਦੇਸ ਗਵਨ ਤੋਂ ਬਾਅਦ ਸਿੱਖਾਂ ਦੇ ਉਪਰ ਅਤਿਆਚਾਰ ਜ਼ੁਲਮ ਵੱਧ ਗਏ। ਸਤਿਗੁਰੂ ਹਰੀ ਸਿੰਘ ਜੀ ਨੇ ਇਸ ਘੋਰ ਸਮੇਂ ਵਿਚ ਸਿਖੀ ਨੂੰ ਹਰੀ ਰੱਖਿਆ। ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਆਪਣੇ ਸਮੇ ਵਿਚ ਇਕ ਨਵੀਂ ਪ੍ਰਪੰਰਾ ਤੋਰੀ। ਉਹਨਾਂ ਨੇ ਭਾਦਰੋਂ ਦੇ ਮਹੀਨੇ ਵਿਚ ਨੀਲੋਂ ਨਦੀ ਦੇ ਕੰਢੇ ਤੇ ਕੱਖਾਂ ਕਾਨਿਆਂ ਦੀ ਕੁਟੀਆ ਬਣਾ ਇਥੇ 40 ਦਿਨ ਦਾ ਮਹਾਨ ਜਪ ਪ੍ਰਯੋਗ ਅਰੰਭ ਕੀਤਾ। ਗੁਰਬਾਣੀ ਦੇ ਅਨੁਸਾਰ–

***ਅਲਪ ਅਹਾਰ ਸੁਲਪ ਸੀ ਨਿੰਦ੍ਰਾ ਦਯਾ ਛਿਮਾ ਤਨ ਪ੍ਰੀਤਿ।।***

ਥੋੜਾ ਖਾਣਾ ਤੇ ਥੋੜਾ ਹੀ ਸੌਣਾ – ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਆਪਣੀ ਮਾਤਾ ਜੀ ਨੂੰ ਆਖਿਆ ਕਿ ਮੈਂ ਤਾਜਾ ਖਾਣਾ ਹੈ, ਬਿਆ ਕਰਕੇ ਨਹੀਂ ਖਾਣਾ।'' ਜਦੋਂ ਮਾਤਾ ਜੀ ਨੇ ਉਹਨਾਂ ਨੂੰ ਆਖਿਆ ਕਿ ''ਤੁਸੀਂ ਤਾਂ ਪਹਿਲਾਂ ਹੀ ਤਪ ਕੀਤਾ ਹੋਇਆ ਹੈ''। ਇਸ ਤੋਂ ਬਾਅਦ ਹੌਲੀ ਹੌਲੀ ਭਾਦਰੋਂ ਦੇ ਮਹੀਨੇ ਦਾ ਜਪ ਪ੍ਰਯੋਗ ਆਰੰਭ ਹੋ ਗਿਆ। ਭਾਦੋਂ ਵਿਚ ਗਰਮੀ ਬਹੁਤ ਹੁੰਦੀ ਹੈ। ਦੂਰ ਦੂਰ ਤੋਂ ਸੰਗਤਾਂ ਆਉਂਦੀਆਂ ਤੇ ਜਪ ਪ੍ਰਯੋਗ ਕਰਦੀਆਂ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਬੀਬੀਆਂ ਨੂੰ ਵੀ ਪ੍ਰਯੋਗ ਕਰਨ ਦੀ ਇਜਾਜ਼ਤ ਦੇ ਦਿੱਤੀ।। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਵੀ ਇਸ ਜਪ ਪ੍ਰਯੋਗ ਨੂੰ ਨਿਰੰਤਰ ਜਾਰੀ ਰੱਖਿਆ। ਹੁਣ ਇਹ ਭਾਦਰੋਂ ਦਾ ਮੇਲਾ ਅੱਸੂ ਦੇ ਮਹੀਨੇ ਆਰੰਭ ਹੋਣ ਲੱਗਾ। ਪਹਿਲੀ ਅੱਸੂ ਤੋਂ ਪਹਿਲੀ ਕੱਤਕ ਤਕ ਇਕ ਮਹੀਨਾ ਜਪ ਪ੍ਰਯੋਗ ਹੁੰਦਾ ਹੈ ਜਿਸ ਵਿਚ ਦੂਰ ਦੁਰਾਡੇ ਤੋਂ (ਦੇਸਾਂ ਵਿਦੇਸਾਂ) ਤੋਂ ਸੰਗਤਾਂ ਬਹੁਤ ਹੀ ਚਾਅ ਨਾਲ ਉਤਸ਼ਾਹ ਨਾਲ ਤਿਆਰ ਹੋ ਕੇ ਆਉਂਦੀਆਂ ਹਨ ਤੇ ਇਕ ਮਹੀਨਾ ਨਾਮ ਸਿਮਰਨ ਬੜੇ ਪਿਆਰ ਨਾਲ ਕਰਦੀਆਂ ਹਨ। ਜਪ ਪ੍ਰਯੋਗ ਦੀ ਅਰਦਾਸ 2 ਵਜੇ ਹੁੰਦੀ ਹੈ ਤੇ ਵਾਰ ਦੇ ਭੋਗ ਨਾਲ ਹੀ ਸਮਾਪਤੀ ਹੁੰਦੀ ਹੈ। ਦੁਪਹਿਰ ਨੂੰ 12 ਤੋਂ 4 ਵਜੇ ਤਕ ਨਾਮ ਸਿਮਰਨ ਹੁੰਦਾ ਹੈ ਉਪਰੰਤ ਜੋਟੀਆਂ ਦਾ ਸ਼ਬਦ ਪੜ੍ਹਿਆ ਜਾਂਦਾ ਹੈ ਇਸ ਪ੍ਰਯੋਗ ਵਿਚ ਬੱਚੇ, ਬਿਰਧ ਤੇ ਨੌਜਵਾਨ ਸ਼ਾਮਲ ਹੁੰਦੇ ਹਨ। ਪੂਰਾ ਮਹੀਨਾ ਸਾਧ ਸੰਗਤ ਇਸ ਮਹਾਨ ਕੁੰਭ ਵਿਚ ਸ਼ਾਮਿਲ ਹੋ ਕੇ ਆਪਣਾ ਜੀਵਨ ਸਫਲਾ ਕਰਦੀ ਹੈ ਤੇ ਸ੍ਰੀ ਸਤਿਗੁਰੂ ਜੀ ਦੇ ਦੋਨੋਂ ਟਾਈਮ ਪਾਵਨ ਪਵਿੱਤਰ ਦਰਸ਼ਨ ਕਰਕੇ ਆਪਣੀ ਜ਼ਿੰਦਗੀ ਨੂੰ ਭਵ ਸਾਗਰ ਤੋਂ ਪਾਰ ਕਰ ਲੈਂਦੀ ਹੈ। ਸਤਿਗੁਰੂ ਜੀ ਦਾ ਦਰਸ਼ਨ ਗੁਰਸਿੱਖ ਵਾਸਤੇ ਉਤਮ ਹੈ। ਉਹ ਇਹੀ ਸੋਚਦਾ ਰਹਿੰਦਾ ਹੈ ਕਿ ਸਤਿਗੁਰੂ ਦੀ ਨਦਰ ਦ੍ਰਿਸ਼ਟੀ ਮੇਰੇ ਉਪਰ ਪੈ ਜਾਵੇ ''*ਨਦਰੀ ਨਦਰ ਨਿਹਾਲ ਜਿਸ ਪਰ ਨਦਰ ਪੜੀ*'' ਅਥਾਹ ਖੁਸ਼ੀਆਂ ਮਿਲਦੀਆਂ ਹਨ। ਸਾਰਾ ਮਹੀਨਾ ਨਾਮ ਸਿਮਰਨ, ਗੁਰਬਾਣੀ ਤੇ ਸੇਵਾ ਦਾ ਮਹਾਨ ਕੁੰਭ ਚਲਦਾ ਰਹੇਗਾ। ਸਾਰੀ ਸੰਗਤ ਇਸ ਮਹਾਨ ਕੁੰਭ ਵਿਚ ਸੇਵਾ ਸਿਮਰਨ ਕਰਕੇ ਆਪਣੀ ਜ਼ਿੰਦਗੀ ਨੂੰ ਭਵਸਾਗਰ ਦੇ ਬੇੜੇ ਵਿਚੋਂ ਕੱਢਕੇ, ਸਤਿਗੁਰੂ ਦੇ ਚਰਨਾਂ ਨਾਲ ਜੋੜ ਲਵੇਗੀ। ਸਤਿਗੁਰੂ ਜੀ ਕਿਰਪਾ ਕਰਕੇ ਸਾਰੀ ਸੰਗਤ ਨੂੰ ਨਾਮ ਸਿਮਰਨ, ਸੇਵਾ ਕਰਨ ਦਾ ਬਲ ਬਖਸ਼ਣ। ਪੂਰਾ ਮਹੀਨਾ ਇਸ ਪ੍ਰਯੋਗ ਵਿਚ ਆਈ ਸੰਗਤ ਦਾ ਵੇਰਵਾ ਇਸ ਪ੍ਰਕਾਰ ਹੈ :

| ਮਿਤੀ | ਸਿੰਘ | | ਬੀਬੀਆਂ | | ਟੋਟਲ | |
|---|---|---|---|---|---|---|
| 17-9-2016 | 525 | + | 780 | = | 1305 | 2 ਵਜੇ |
| | 582 | + | 928 | = | 1510 | 4 ਵਜੇ |
| 18-9-2016 | 565 | + | 995 | = | 1560 | 2 ਵਜੇ |
| | 686 | + | 1284 | = | 1970 | 4 ਵਜੇ |
| 19-9-2016 | 460 | + | 845 | = | 1305 | 2 ਵਜੇ |
| | 508 | + | 912 | = | 1420 | 4 ਵਜੇ |
| 20-9-2016 | 440 | + | 790 | = | 1230 | 2 ਵਜੇ |
| | 478 | + | 792 | = | 1270 | 4 ਵਜੇ |
| 21-9-2016 | 425 | + | 730 | = | 1155 | 2 ਵਜੇ |
| | 460 | + | 770 | = | 1230 | 4 ਵਜੇ |
| 22-9-2016 | 415 | + | 745 | = | 1160 | 2 ਵਜੇ |
| | 455 | + | 795 | = | 1250 | 4 ਵਜੇ |
| 23-9-2016 | 408 | + | 722 | = | 1130 | 2 ਵਜੇ |
| | 450 | + | 775 | = | 1225 | 4 ਵਜੇ |
| 24-9-2016 | 428 | + | 737 | = | 1165 | 2 ਵਜੇ |
| | 478 | + | 822 | = | 1300 | 4 ਵਜੇ |
| 25-9-2016 | 478 | + | 792 | = | 1270 | 2 ਵਜੇ |
| | 598 | + | 982 | = | 1580 | 4 ਵਜੇ |
| 26-9-2016 | 415 | + | 723 | = | 1138 | 2 ਵਜੇ |
| | 465 | + | 785 | = | 1250 | 4 ਵਜੇ |
| 27-9-2016 | 388 | + | 722 | = | 1110 | 2 ਵਜੇ |
| | 458 | + | 752 | = | 1210 | 4 ਵਜੇ |
| 28-9-2016 | 436 | + | 724 | = | 1160 | 2 ਵਜੇ |
| | 472 | + | 788 | = | 1260 | 4 ਵਜੇ |
| 29-9-2016 | 402 | + | 698 | = | 1100 | 2 ਵਜੇ |
| | 480 | + | 795 | = | 1275 | 4 ਵਜੇ |
| 30-9-2016 | 392 | + | 703 | = | 1095 | 2 ਵਜੇ |
| | 445 | + | 765 | = | 1210 | 4 ਵਜੇ |
| 01-10-2016 | 390 | + | 665 | = | 1055 | 2 ਵਜੇ |
| | 440 | + | 765 | = | 1205 | 4 ਵਜੇ |
| 02-10-2016 | 410 | + | 725 | = | 1135 | 2 ਵਜੇ |
| | 695 | + | 1015 | = | 1710 | 4 ਵਜੇ |
| 03-10-2016 | 370 | + | 680 | = | 1050 | 2 ਵਜੇ |
| | 475 | + | 730 | = | 1205 | 4 ਵਜੇ |

ਸ੍ਰੀ ਸਤਿਗੁਰੂ ਜੀ ਦੀ ਕਿਰਪਾ ਨਾਲ ਦੇਸ਼ ਵਿਦੇਸ਼ਾਂ ਵਿਚ ਘਰਾਂ ਘਰਾਂ ਵਿਚ ਪ੍ਰਯੋਗ ਚਲ ਰਹੇ ਹਨ। ਲੱਖਾਂ ਘੰਟੇ ਨਾਮ ਸਿਮਰਨ ਹੋ ਰਿਹਾ ਹੈ। ਸ੍ਰੀ ਸਤਿਗੁਰੂ ਜੀ ਬਖਸ਼ਿਸ਼ ਕਰਨ ਇਸੇ ਤਰ੍ਹਾਂ ਹੀ ਸਾਧ ਸੰਗਤ ਨੂੰ ਨਾਮ ਸਿਮਰਨ ਤੇ ਸੇਵਾ ਕਰਨ ਦਾ ਬਲ ਬਖ਼ਸ਼ਣ।

**–ਗੁਰਦੇਵ ਸਿੰਘ ਚੀਮਾਂ**

# ਸ੍ਰੀ ਸਤਿਗੁਰੂ ਜੀ ਦੀ ਪਾਵਨ ਹਜ਼ੂਰੀ ਵਿਚ ਸ. ਗੁਰਦੇਵ ਸਿੰਘ ਮਦਾਰ ਨਮਿਤ ਭੋਗ



**ਸ੍ਰੀ ਭੈਣੀ ਸਾਹਿਬ–** ਸ. ਗੁਰਦੇਵ ਸਿੰਘ ਮਦਾਰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਵਰੋਸਾਏ ਗੁਰਸਿੱਖ ਸਨ। ਉਹਨਾਂ ਨੇ ਆਪਣਾ ਸਮਾਂ ਸ੍ਰੀ ਸਤਿਗੁਰੂ ਜੀ ਦੀ ਸੇਵਾ ਵਿਚ ਹੀ ਬਤੀਤ ਕੀਤਾ। ਜਦੋਂ ਵੀ ਕੋਈ ਹੁਕਮ ਹੁੰਦਾ ਸ੍ਰੀ ਸਤਿਗੁਰੂ ਜੀ ਦਾ, ਸ. ਗੁਰਦੇਵ ਸਿੰਘ ਮਦਾਰ ਇਕ ਛਿਨ ਵੀ ਨਹੀਂ ਲਗਾਉਂਦੇ ਸਨ। ਲੰਮਾ, ਸੁੰਦਰ, ਸੁਡੋਲ ਸਰੀਰ ਉਹਨਾਂ ਦੀ ਸਿਹਤ ਦਾ ਖਜ਼ਾਨਾ ਸੀ। ਉਹਨਾਂ ਦਾ ਜਨਮ ਸ. ਬਖਸ਼ੀਸ਼ ਸਿੰਘ ਤੇ ਮਾਤਾ ਲਾਭ ਕੌਰ ਦੇ ਗ੍ਰਹਿ ਵਿਖੇ ਹੋਇਆ। ਪਿਤਾ ਦੀ ਇਹ ਇੱਛਾ ਸੀ ਕਿ ਮੇਰੇ ਘਰ ਜੋ ਵੀ ਬੱਚਾ ਪੈਦਾ ਹੋਵੇਗਾ ਉਹ ਮੈਂ ਗੁਰੂ ਚਰਨਾਂ ਵਿਚ ਮਥਾ ਟੇਕ ਦਿਆਂਗਾ। ਜਨਮ ਦੇ 3 ਸਾਲ ਬਾਅਦ ਮਾਤਾ ਪਿਤਾ ਨੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਚਰਨਾਂ ਵਿਚ ਲਿਆ ਅਰਜ਼ ਕੀਤੀ ਤਾਂ ਸਤਿਗੁਰੂ ਪ੍ਰਤਾਪ ਸਿੰਘ ਜੀ ਹੁਕਮ ਕੀਤਾ ਬੱਚੇ ਦੇ ਨਾਲ ਜਾਇਦਾਦ ਵੀ ਆਉਣੀ ਹੈ, ਅਜੇ ਤੁਸੀਂ ਪਾਲਨਾ ਕਰੋ। ਫਿਰ 16 ਸਾਲ ਬਾਅਦ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਚਰਨਾਂ 'ਚ ਸੇਵਾ ਲਈ ਸਮਰਪਤ ਕਰ ਦਿੱਤਾ। ਆਪ ਜੀ ਦੇ 5 ਭਰਾ ਤੇ 2 ਭੈਣਾਂ ਹਨ। ਪਰ ਆਪ ਸਭ ਤੋਂ ਵੱਡੇ ਹਨ। ਆਪ ਨੂੰ ਨਾਮਧਾਰੀ ਪੰਥ ਵਿਚ ਗੁਰਦੇਵ ਸਿੰਘ ਮਦਾਰ ਦੇ ਨਾਂ ਨਾਲ ਜਾਣਿਆ ਜਾਣ ਲਗਾ। ਸਤਿਗੁਰੂ ਜਗਜੀਤ ਸਿੰਘ ਜੀ ਦੀ ਕਿਰਪਾ ਨਾਲ ਜੋ ਗਿਆਨ ਸ. ਗੁਰਦੇਵ ਸਿੰਘ ਮਦਾਰ ਨੇ ਪ੍ਰਾਪਤ ਕੀਤਾ ਉਸਦੀ ਮਿਸਾਲ ਕੀਤੇ ਵੀ ਨਹੀਂ ਮਿਲਦੀ। ਪਰ ਇਕ ਚੀਜ਼ ਦੀ ਘਾਟ ਉਹ ਸਕੂਲੀ ਵਿਦਿਆ ਤੋਂ ਵਾਂਝੇ ਰਹੇ। ਸ. ਮਦਾਰ ਜੀ ਨੇ ਨਾਮਧਾਰੀ ਪੰਥ ਦੀਆਂ ਪੰਚਾਇਤਾਂ, ਜ਼ਮੀਨਾਂ ਤੇ ਪੰਥ ਮਸਲਿਆਂ ਵਿਚ ਜੋ ਰੋਲ ਅਦਾ ਕੀਤਾ ਉਸਨੂੰ ਸਤਿਗੁਰੂ ਜਗਜੀਤ ਸਿੰਘ ਜੀ ਦੀ ਬਖਸ਼ਿਸ਼ ਹੀ ਆਖਿਆ ਜਾਂਦਾ ਹੈ। ਉਹਨਾਂ ਨੇ ਸਤਿਗੁਰੂ ਜਗਜੀਤ ਸਿੰਘ ਜੀ ਦਾ ਹੁਕਮ ਮੰਨਿਆ ਸੰਨ 1969 ਵਿਚ ਜਦੋਂ ਸਰਦਾਰ ਜੀ ਪਿੰਡ ਅਮਰਾਸਰ ਰਹਿ ਰਹੇ ਸਨ ਤਾਂ ਇਕ ਦਿਨ ਖੇਤਾਂ ਵਿਚ ਹਲ ਚਲਾ ਰਹੇ ਸਨ ਰਸਤੇ ਵਿਚ ਮਸਤਾਨਗੜ੍ਹ ਜਾਂਦਿਆਂ ਸਤਿਗੁਰੂ ਜੀ ਨਾਲ ਮਿਲਾਪ ਹੋਇਆ। ਸਤਿਗੁਰੂ ਜੀ ਹੁਕਮ ਕੀਤਾ 'ਮੇਰਾ ਜੀਅ ਕਰਦੈ ਕਿ ਤੂੰ ਮੇਰੇ ਨਾਲ ਮਸਤਾਨਗੜ੍ਹ ਚਲ' ਉਥੇ ਹੀ ਹਲ ਪੰਜਾਲੀ ਛੱਡ ਸਤਿਗੁਰੂ ਜੀ ਨਾਲ ਆ ਗਏ। ਜਦੋਂ ਸਤਿਗੁਰੂ ਜੀ ਨੇ ਬਲਦਾਂ ਬਾਰੇ ਪੁਛਿਆ ਤਾਂ ਸ. ਮਦਾਰ ਜੀ ਨੇ ਆਖਿਆ ਸੱਚੇ ਪਾਤਸ਼ਾਹ ਜੀ ਇਹ ਆਪੇ ਹੀ ਘਰ ਚਲੇ ਜਾਣਗੇ। ਇਹ ਇਕ ਮਿਸਾਲ ਹੈ ਗੁਰੂ ਦਾ ਹੁਕਮ ਮੰਨਣ ਦੀ। ਸ. ਗੁਰਦੇਵ ਸਿੰਘ ਮਦਾਰ ਨੇ ਗੁਰੂ ਘਰ ਨੂੰ ਆਪਣਾ ਘਰ ਸਮਝਿਆ। ਅਨੇਕਾਂ ਹੀ ਘਟਨਾਵਾ ਹਨ ਜਿਨਾਂ ਤੋਂ ਪਤਾ ਲਗਦਾ ਹੈ ਕਿ ਸ. ਗੁਰਦੇਵ ਸਿੰਘ ਮਦਾਰ ਨੇ ਉਹਨਾਂ ਦਾ ਬਹੁਤ ਹੀ ਨਿਡਰਤਾ ਤੇ ਹੌਸਲੇ ਤੇ ਬਹਾਦਰੀ ਨਾਲ ਮੁਕਾਬਲਾ ਕੀਤਾ। ਉਹ ਅਕਸਰ ਬਚਨ ਕਰਦੇ ਸਨ ਕਿ ਸਤਿਗੁਰੂ ਜਗਜੀਤ ਸਿੰਘ ਜੀ ਦਾ ਕਈ ਜਨਮ ਕਰਜ਼ ਨਹੀਂ ਉਤਾਰ ਸਕਦੇ। ਆਪਣੀ 66 ਵਰ੍ਹਿਆਂ ਦੀ ਉਮਰ ਬਤੀਤ ਕਰ 23 ਅਗਸਤ 2016 ਨੂੰ ਉਹ ਸਾਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਹਨਾਂ ਦੇ ਪਿਛੇ ਪਰਿਵਾਰ ਵਿਚ ਪੁੱਤਰ ਸ. ਗੁਰਮੀਤ ਸਿੰਘ ਤੇ ਦੋ ਪੋਤਰੇ, ਪਤਨੀ ਗੁਰਮੀਤ ਕੌਰ ਹਨ। ਉਹਨਾਂ ਦਾ ਭੋਗ 3 ਸਤੰਬਰ 2016 ਨੂੰ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੀ ਪਾਵਨ ਹਜ਼ੂਰੀ ਵਿਚ ਇਕ ਸਧਾਰਨ ਪਾਠ ਕਰਕੇ ਪਾਇਆ ਗਿਆ। ਪਤਵੰਤੇ ਸੱਜਣਾਂ ਵਲੋਂ ਉਹਨਾਂ ਨੂੰ ਸ਼ਰਧਾਂਜਲੀ ਅਰਪਤ ਕੀਤੀ ਗਈ। ਹਜ਼ੂਰੀ ਰਾਗੀ ਸਿੰਘਾਂ ਨੇ ਕੀਰਤਨ ਗਾਇਨ ਕੀਤਾ।

**–ਗੁਰਦੇਵ ਸਿੰਘ ਚੀਮਾ**

# ਮਾਤਾ ਮਨਸ ਕੌਰ ਨਮਿਤ ਅੰਤਿਮ ਅਰਦਾਸ



ਮਾਤਾ ਮਨਸ ਕੌਰ ਪਤਨੀ ਸਵ: ਸੰਤ ਹਰਬੰਸ ਸਿੰਘ ਪ੍ਰਦੇਸੀ ਚਾਨਾ ਨਮਿਤ 20 ਸਤੰਬਰ 2016 ਮੰਗਲਵਾਰ ਨੂੰ ਨਾਮਧਾਰੀ ਸਿੱਖ ਕੇਂਦਰ ਸਾਊਥਾਲ ਵਿਚ ਪਾਠ ਦਾ ਭੋਗ ਪਾਇਆ ਗਿਆ ਤੇ ਅੰਤਿਮ ਅਰਦਾਸ ਕੀਤੀ ਗਈ। ਮਾਤਾ ਜੀ 1928 ਵਿਚ ਤੁਲਸੀ ਰਾਮ ਵਿਰਦੀ ਘਰ ਔਜਲਾ (ਬਿਲਗਾ) ਜ਼ਿਲਾ ਜਲੰਧਰ ਵਿਖੇ ਜਨਮੇ। ਉਹਨਾਂ ਦਾ ਵਿਆਹ 1945 ਈ. ਵਿਚ ਨਵਾਂ ਪਿੰਡ, ਨਕੋਦਰ ਵਾਸੀ ਹਰਬੰਸ ਸਿੰਘ ਚਾਨਾ ਨਾਲ ਹੋਇਆ। ਚਾਨਾ ਜੀ 1948 ਈ. ਵਿਚ ਤਰਖਾਣੇ ਕੰਮ ਦੇ ਕਾਰੀਗਰ ਹੋਣ ਕਰਕੇ, ਕੀਨੀਆ (ਅਫਰੀਕਾ) ਆ ਕੇ ਚੰਗੀ ਰੋਟੀ ਕਮਾਉਣ ਲਗੇ ਫਿਰ ਨਰੂਰੂ ਕੰਮ ਕੀਤਾ। ਮਾਤਾ ਜੀ ਨੇ ਚੰਗੀ ਸਵਾਣੀ ਵਜੋਂ ਘਰ ਸੰਭਾਲਿਆ। ਚਾਨਾ ਜੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਕਿਰਪਾ ਨਾਲ ਨਾਮਧਾਰੀ ਬਣੇ, ਸਣੇ ਪਰਿਵਾਰ। ਸਤਿਗੁਰੂ ਜੀ ਦੇ ਹੀ ਬਚਨ ''ਪ੍ਰਦੇਸੀਆ ਲਿਖਿਆ ਵੀ ਕਰ ਤੇ ਬੋਲਿਆ ਵੀ ਕਰ।'' ਨੇ ਉਹਨਾਂ ਨੂੰ ਨਵੀਂ ਸੇਧ ਦਿੱਤੀ ਤੇ ਉਹ ਸੰਗਤ ਵਿਚ ਆਪਣੀ ਰਚੀ ਕਵਿਤਾ ਸੁਣਾਉਣ ਤੇ ਭਾਸ਼ਣ ਦੇਣ ਲੱਗੇ। ਬੀਬੀ ਮਨਸ ਕੌਰ ਨੇ ਸਾਧ ਸੰਗਤ ਦੀ ਸੇਵਾ ਦਾ ਸੁਖ ਮਾਣਿਆ ਤੇ ਨਾਮ ਸਿਮਰਨ ਦਾ। 1972 ਵਿਚ ਪਰਿਵਾਰ ਇੰਗਲੈਂਡ ਆ ਗਿਆ।

ਜਦ 2004 ਵਿਚ ਪ੍ਰਦੇਸੀ – ਚਾਨਾ ਜੀ ਪ੍ਰਲੋਕ ਸਿਧਾਰ ਗਏ ਤਾਂ ਮਾਤਾ ਮਨਸ ਕੌਰ ਨੇ ਕਿਸੇ ਨੂੰ ਰੋਣ ਨਾ ਦਿੱਤਾ ਕਿਉਂਕਿ ਸਤਿਗੁਰੂ ਦਾ ਹੁਕਮ ਨਹੀਂ। ਉਹ ਆਪ ਵੀ ਨਾਮ ਸਿਮਰਨ ਨਾਲ ਜੁੜ ਗਏ ਪਰ 2014 ਵਿਚ ਆਪ ਨੂੰ ਅਧਰੰਗ ਦੀ ਨਾ-ਮੁਰਾਦ ਬਿਮਾਰੀ ਨੇ ਜਕੜ ਲਿਆ। ਪਰਿਵਾਰ ਨੇ ਭਾਣਾ ਮੰਨਿਆ। 2015 ਵਿਚ ਸਤਿਗੁਰੂ ਉਦੈ ਸਿੰਘ ਜੀ ਨੇ ਆਪ ਦੇ ਲੜਕੇ ਸੰਤ ਕਿਰਪਾਲ ਸਿੰਘ ਚਾਨਾ ਘਰ ਦਰਸ਼ਨ ਦਿੱਤੇ। ਮਾਤਾ ਜੀ ਨਮਸਕਾਰ ਕਰਕੇ ਨਿਹਾਲ ਹੋ ਗਏ। ਇਸ ਸਾਲ 2016 ਵਿੱਚ ਮਾਤਾ ਜੀ ਹਸਪਤਾਲ ਦਾਖਲ ਹੋ ਗਏ, ਸਤਿਗੁਰੂ ਜੀ ਨੇ ਦਰਸ਼ਨ ਦਿੱਤੇ ਤਾਂ ਮਾਤਾ ਜੀ ਨੇ ਆਪਣੇ ਸਿਰ ਉਤੇ ਸਤਿਗੁਰੂ ਜੀ ਦਾ ਹੱਥ ਰੱਖ ਅਰਜ਼ ਕੀਤੀ ਕਸ਼ਟ ਕਟੋ।10-12 ਦਿਨ ਬਾਅਦ ਹੀ 11 ਸਤੰਬਰ ਨੂੰ ਆਪ ਚਲਾਣਾ ਕਰ ਗਏ। ਉਸ ਦਿਨ ਤੋਂ ਹੀ ਘਰ ਸ਼ਾਮੀ ਨਿਤਨੇਮ ਹੁੰਦਾ ਰਿਹਾ ਤੇ ਸਤਿਗੁਰੂ ਜੀ ਦਾ ਟੇਪ ਕੀਤਾ ਭਾਸ਼ਣ ਸੁਣੀਂਦਾ ਰਿਹਾ।

20 ਸਤੰਬਰ 2016 ਨੂੰ ਮਾਤਾ ਜੀ ਦਾ ਸਸਕਾਰ ਕੀਤਾ ਗਿਆ ਤੇ ਉਹਨਾਂ ਦੀ ਯਾਦ ਵਿਚ ਨਾਮਧਾਰੀ ਸਿੱਖ ਕੇਂਦਰ ਸਾਊਥਾਲ (ਯੂ. ਕੇ.) ਡਾ. ਯਾਦਵਿੰਦਰ ਨੇ ਜਨਮ ਮਿਰਤੂ ਤੇ ਜ਼ਿੰਦਗੀ ਵਿਚ ਚੰਗੇ ਕੰਮ ਕਰਨ ਬਾਰੇ ਕਥਾ ਕੀਤੀ। ਜਥੇਦਾਰ ਕਮਾਲ ਸਿੰਘ ਨੇ ਮਾਂ ਦੀ ਮਮਤਾ ਦੇ ਦ੍ਰਿਸ਼ ਪੇਸ਼ ਕੀਤੇ। ਸੰਤ ਸਤਵਿੰਦਰ ਸਿੰਘ ਦੇ ਜਥੇ ਨੇ ਕੀਰਤਨ ਕੀਤਾ। ਪਹਿਲਾਂ ਗੁਰਸ਼ਰਨ ਸਿੰਘ ਸੁਰਧਰ ਦੇ ਜਥੇ ਨੇ ਸਵੇਰੇ ਘਰ ਕੀਰਤਨ ਕੀਤਾ। ਪਾਠ ਦਾ ਭੋਗ ਪਾਇਆ ਗਿਆ। ਮਾਤਾ ਜੀ ਦੇ 4 ਪੁੱਤਰਾਂ 2 ਧੀਆਂ ਦੇ ਪਰਿਵਾਰਾਂ ਵਲੋਂ ਸਾਰੀ ਸੰਗਤ ਦਾ ਧੰਨਵਾਦ ਕੀਤਾ ਗਿਆ।

Date of Publication: 5/10/2016, Date of Posting: 6-7/10/2016
Posted at PSO New Delhi-110001
RNI NO.55658/93 Delhi Postal Regd. No. DL(W) 01/2055/15-17
License to Post Without Pre-Payment, U(C) - 169/2015-17



ਅੰਮ੍ਰਿਤਸਰ ਸ਼ਹੀਦਾਂ ਨਮਿਤ ਮੇਲੇ ਦੀ ਸੇਵਾ ਕਰਵਾਉਣ ਵਾਲੇ ਸਵ: ਸੰਤ ਦਲੀਪ ਸਿੰਘ ਦੇ ਪੁੱਤਰ ਸੰਤ ਸਤਵਿੰਦਰ ਸਿੰਘ ਪੰਨਵ, ਸੰਤ ਸੁਲਖਣ ਸਿੰਘ ਪੰਨਵ ਦਾ ਪਰਵਾਰ ਸ੍ਰੀ ਸਤਿਗੁਰੂ ਜੀ ਨੂੰ ਨਤਮਸਤਕ ਹੋ ਅਰਜ਼ ਕਰਦਾ ਹੋਇਆ ।



ਸ੍ਰੀ ਸਤਿਗੁਰੂ ਜੀ ਪਾਸੋਂ ਬਖ਼ਸ਼ਸ਼ ਪ੍ਰਪਾਤ ਕਰਦੇ ਸ੍ਰੀ ਅਨਿਲ ਜੋਸ਼ੀ (ਕੈਬਨਿਟ ਮੰਤਰੀ ਪੰਜਾਬ), ਸ. ਗੁਰਪ੍ਰਤਾਪ ਸਿੰਘ ਟਿੱਕਾ (ਪ੍ਰਧਾਨ ਸ਼੍ਰਿਮੋਣੀ ਅਕਾਲੀ ਦਲ ਬਾਦਲ ਅੰਮ੍ਰਿਤਸਰ),
ਬਾਬਾ ਗੁਰਵਿੰਦਰ ਸਿੰਘ (ਪ੍ਰਧਾਨ ਕਬੀਰ ਪੰਥੀ ਪੰਜਾਬ), ਸ੍ਰੀ ਸੁਰਿੰਦਰ ਕੋਛੜ (ਹਿਸਟੋਰੀਅਨ) ਅਤੇ ਪਾਲ ਸਿੰਘ ਬਾਮਰਾਹ (ਕਾਂਗਰਸ ਲੀਡਰ) ਆਦਿ ।



ਸ੍ਰੀ ਸਤਿਗੁਰੂ ਜੀ ਨੇ ਸੂਬਾ ਅਮਰੀਕ ਸਿੰਘ (ਅੰਮ੍ਰਿਤਸਰ) ਦੇ ਨਵੇਂ ਗ੍ਰਹਿ ਵਿਖੇ ਦਰਸ਼ਣ ਦੇਣ ਦੀ ਕ੍ਰਿਪਾ ਕੀਤੀ ।



ਸ਼ਹੀਦਾਂ ਨਮਿਤ ਮੇਲੇ ਸਮੇਂ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਕਰਨ ਆਏ ਸਤਿਗੁਰੂ ਰਾਮ ਸਿੰਘ ਚੇਅਰ (ਅੰਮ੍ਰਿਤਸਰ) ਦੇ ਮੁੱਖੀ ਸ. ਜੋਗਿੰਦਰ ਸਿੰਘ ਆਪਣੀ ਲਿਖੀ ਇੱਕ ਪੁਸਤਕ ਆਪ ਜੀ ਨੂੰ ਭੇਟ ਕਰਦੇ ਹੋਏ ।



ਸ੍ਰੀ ਭੈਣੀ ਸਾਹਿਬ ਵਿਖੇ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਸੰਤ ਗੁਰਦੇਵ ਸਿੰਘ ਮਦਾਰ (ਚੰਡੀਗੜ੍ਹ) ਨਮਿਤ ਮੇਲੇ ਸਮੇਂ ਪਰਵਾਰ ਆਪ ਜੀ ਨੂੰ ਨਤਮਸਤਕ ਹੁੰਦਾ ਹੋਇਆ ।

Photos by
Suratpal HD Studio

Subscriber's Address

Type setting by:
CADCON
Designed by :
Jaswant Graphics

ਇਕ ਪ੍ਰਤੀ : ਪੰਜ ਰੁਪਈਏ
ਇਕ ਸਾਲ : ਦੇਸ - 250 ਰੁਪਈਏ, ਪ੍ਰਦੇਸ - 30 ਪੌਂਡ
ਪੰਜ ਸਾਲ : ਦੇਸ - 1000 ਰੁਪਈਏ, ਪ੍ਰਦੇਸ - 120 ਪੌਂਡ

ਦਿੱਲੀ
ਵੀਰਵਾਰ: ਸੂਰਜ ਚੜ੍ਹਨ ਦਾ ਸਮਾਂ-ਸਵੇਰੇ 6.13 ਮਿੰਟ
ਵੀਰਵਾਰ: ਸੂਰਜ ਡੁੱਬਣ ਦਾ ਸਮਾਂ-ਸ਼ਾਮੀਂ 6.09 ਮਿੰਟ

Printed and published by Mr. Harvendra Singh Hanspal on behalf of Namdhari Darbar. Printed at Summit Advertising Press, 2 DLF (Part), Moti Nagar, New Delhi-110015 and published from Namdhari Gurdwara, Ramesh Nagar, New Delhi-110015. Editor-Harvendra Singh Hanspal.
Telephone no : 011-40519403, Email : satjugweekly@gmail.com
Issue No. 29 of 6October 2016